# ਸਤਿਸੰਗ

# ਗੁਰਬਾਣੀ ਉਪਮਾ

**॥ ਸਲੋਕ ਮ: ੪ ॥** **(ਅੰਗ 306)**

**ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ**
**ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਆਈ ਸੰਗਤ ਨੂੰ ਹਜ਼ੂਰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ 424 ਵੇਂ ਅਵਤਾਰ ਦੀਆਂ ਲੱਖ ਲੱਖ ਵਧਾਈਆਂ ਹੋਣ।

ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਬੱਚੇ ਦੀ ਦਾਤ ਨਹੀਂ ਸੀ। ਮਾਤਾ ਗੰਗਾ ਜੀ ਨੂੰ ਆਉਂਦੇ ਦੇਖ ਕੇ ਭਾਈ ਪ੍ਰਿਥੀਆ ਜੀ ਦੀ ਘਰਵਾਲੀ ਨੇ ਅੱਗੇ ਪੱਲਾ ਕਰ ਲਿਆ ਸੀ ਕਿ ਬਾਂਝ ਮੇਰੇ ਮੱਥੇ ਨਾ ਲੱਗੇ। ਤਦ ਮਾਤਾ ਗੰਗਾ ਜੀ ਨੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਅੱਗੇ ਤਰਲੇ ਪਾਏ ਕਿ ਹੁਣ ਮੇਰੇ ਕੋਲੋਂ ਮਿਹਣੇ ਸਹਿਣ ਨਹੀਂ ਹੁੰਦੇ। ਤਦ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਬਾਬਾ ਬੁੱਢਾ ਜੀ ਰੱਖ ਅਮਾਨਤ ਖਾਂ ਵਿਖੇ ਮੱਝਾਂ ਗਾਈਆਂ ਚਰਾ ਰਹੇ ਹਨ ਤੂੰ ਉੱਥੇ ਉਹਨਾਂ ਕੋਲ ਜਾ ਕੇ ਬੇਨਤੀ ਕਰ। ਮਾਤਾ ਜੀ ਬਾਬਾ ਜੀ ਨੂੰ ਮਿਲਣ ਵਾਸਤੇ ਰਥ ਲੈ ਕੇ ਚਲੇ ਗਏ। ਰਥਾਂ ਦੀ ਧੂੜ ਉੱਡਦੀ ਦੇਖ ਕੇ ਬਾਬਾ ਬੁੱਢਾ ਜੀ ਨੇ ਪੁੱਛਿਆ ਕਿ ਧੂੜ ਕਾਹਦੀ ਉੱਡ ਰਹੀ ਹੈ? ਕਿਸੇ ਨੇ ਦੱਸਿਆ ਕਿ ਗੁਰੂ ਕੇ ਆ ਰਹੇ ਹਨ ਇਸ ਲਈ ਰਥਾਂ ਦੀ ਧੂੜ ਉੱਡ ਰਹੀ ਹੈ। ਬਾਬਾ ਜੀ ਨੇ ਸਹਿਵਨ ਹੀ ਕਹਿ ਦਿੱਤਾ ਕਿ ਗੁਰੂ ਕਿਆਂ ਨੂੰ ਕਿੱਧਰ ਭਾਜੜਾਂ ਪੈ ਗਈਆਂ ਹਨ? ਉਹ ਸਰਾਪ ਹੋ ਗਿਆ ਅਤੇ ਜਦੋਂ ਤੱਕ ਗੁਰੂ ਕੇ ਰਹੇ ਯੁੱਧ ਹੀ ਹੁੰਦੇ ਰਹੇ, ਭਾਜੜਾਂ ਹੀ ਪਈਆਂ ਰਹੀਆਂ। ਜਦੋਂ ਮਾਤਾ ਜੀ ਨੇ ਬੇਨਤੀ ਕੀਤੀ ਤਾਂ ਬਾਬਾ ਜੀ ਕਹਿਣ ਲੱਗੇ ਇਹ ਦਾਤ ਤਾਂ ਹਜ਼ੂਰ ਪੰਜਵੇ ਪਾਤਿਸ਼ਾਹ ਹੀ ਬਖਸ਼ ਸਕਦੇ ਹਨ। ਜਦੋਂ ਮਾਤਾ ਗੰਗਾ

ਜੀ ਨੇ ਵਾਪਿਸ ਆ ਕੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਦੱਸਿਆ ਤਾਂ ਹਜ਼ੂਰ ਨੇ ਫੁਰਮਾਨ ਕੀਤਾ ਕਿ ਹੁਣ ਫੇਰ ਪੈਦਲ ਚੱਲ ਕੇ ਜਾਵੋ। ਮਿੱਸੀਆਂ ਰੋਟੀਆਂ ਪਕਾ ਕੇ ਨਾਲ ਮੱਖਣ ਅਤੇ ਪਿਆਜ ਲੈ ਜਾਵੋ। ਲੱਸੀ ਦੀ ਚਾਟੀ ਵੀ ਲੈ ਕੇ ਪੈਦਲ ਜਾ ਕੇ ਬੇਨਤੀ ਕਰੋ। ਮਾਤਾ ਗੰਗਾ ਜੀ ਨੂੰ ਪੈਦਲ ਤੁਰੇ ਆਉਂਦੇ ਦੇਖ ਕੇ ਬਾਬਾ ਜੀ ਨੇ ਦੌੜ ਕੇ ਜਾ ਕੇ ਮਾਤਾ ਜੀ ਦੇ ਸਿਰ ਤੋਂ ਲੱਸੀ ਦੀ ਚਾਟੀ ਉਤਾਰੀ ਅਤੇ ਕਿਹਾ ਕਿ ਮੈਂ ਭੁੱਲ ਗਿਆ ਸੀ ਪਰ ਗੁਰੂ ਨਹੀਂ ਭੁੱਲਿਆ। ਮੇਰੇ ਸਤਿਗੁਰ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਮੇਰੀ ਲਾਜ ਰੱਖੀ ਹੈ। ਬਾਬਾ ਜੀ ਰੋਟੀ ਖਾਂਦੇ ਸਮੇਂ ਪਿਆਜ ਨੂੰ ਮੁੱਕੀ ਮਾਰ ਕੇ ਭੰਨੀ ਜਾਣ ਅਤੇ ਨਾਲ ਦੀ ਨਾਲ ਬਚਨ ਛੱਡੀ ਜਾਣ ਕਿ ਯੋਧਾ ਹੋਵੇਗਾ, ਸੂਰਬੀਰ ਹੋਵੇਗਾ, ਜੁਲਮ ਦਾ ਨਾਸ਼ ਕਰੇਗਾ। ਫੇਰ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਅਵਤਾਰ ਲਿਆ।

ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਤੱਤੀਆਂ ਲੋਹਾਂ ਉੱਪਰ ਬਿਠਾ ਕੇ, ਦੇਗਾਂ ਵਿੱਚ ਉਬਾਲ ਕੇ, ਦਰਿਆ ਉੱਪਰ ਲੈ ਕੇ ਗਏ ਤਾਂ ਉੱਥੇ ਦੇਹ ਅਲੋਪ ਹੋ ਗਈ। ਜਿਹੜਾ ਸਲੱਗ ਪੁੱਤਰ ਹੁੰਦਾ ਹੈ ਉਸ ਨੂੰ ਪਤਾ ਹੁੰਦਾ ਹੈ ਕਿ ਮੇਰੀ ਮਾਂ ਦੇ ਸਿਰ ਉੱਪਰ ਪਤੀ ਨਹੀਂ ਹੈ ਉਹ ਆਪਣੀ ਮਾਂ ਨੂੰ ਜ਼ਰੂਰ ਕਹਿੰਦਾ ਹੈ ਕਿ ਮਾਤਾ ਮੈਨੂੰ ਕੋਈ ਸੇਵਾ ਦੱਸੋ ਸਿੱਖਿਆ ਦੇਵੋ। ਜਦੋਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਮਾਤਾ ਜੀ ਮੈਨੂੰ ਕੋਈ ਹੁਕਮ ਲਾਓ। ਤਾਂ ਮਾਤਾ ਜੀ ਕਹਿਣ ਲੱਗੇ ਪੁੱਤਰ। ਤੂੰ ਪੁੱਤ ਬਣ ਕੇ ਪੁੱਛ ਰਿਹਾ ਏਂ ਜਾਂ ਗੁਰੂ ਬਣ ਕੇ ਪੁੱਛ ਰਿਹਾ ਏਂ? ਹਜ਼ੂਰ ਨੇ ਉੱਤਰ ਦਿੱਤਾ ਮਾਤਾ ਜੀ! ਮੈਂ ਤੁਹਾਡਾ ਪੁੱਤਰ ਵੀ ਹਾਂ ਅਤੇ ਗੱਦੀ 'ਤੇ ਵੀ ਹਾਂ। ਮਾਤਾ ਜੀ ਕਹਿਣ ਲੱਗੇ ਫੇਰ ਮੇਰੀ ਇੱਕ ਗੱਲ ਸੁਣ ਲੈ ਕਿ ਮੈਨੂੰ ਪਤਾ ਹੈ ਕਿ ਜਿਸ ਦੀ ਗੋਦ ਵਿੱਚ ਪੁੱਤਰ ਨਹੀਂ ਹੁੰਦਾ ਉਸ ਨੂੰ ਲੋਕ ਬਹੁਤ ਮਿਹਣੇ ਮਾਰਦੇ ਹਨ, ਤਾਅਨੇ ਦਿੰਦੇ ਹਨ। ਇਸ ਕਰਕੇ ਜਦੋਂ ਵੀ ਤੇਰੇ ਕੋਲ ਕੋਈ ਬੀਬੀ ਪੁੱਤਰ ਦੀ ਦਾਤ ਲਈ ਫਰਿਆਦ ਲੈ ਕੇ ਆਵੇ ਤਾਂ ਉਸ ਨੂੰ ਖਾਲੀ ਨਾ ਮੋੜੀਂ। ਜਦੋਂ ਮਾਤਾ ਸੁੱਲਖਣੀ ਫਰਿਆਦ ਲੈ ਕੇ ਗਈ ਤਾਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਕਹਿਣ ਲੱਗੇ ਕਿ ਬੀਬੀ! ਤੇਰੇ ਕਰਮਾਂ ਵਿੱਚ ਪੁੱਤਰ ਨਹੀਂ ਹੈ। ਉਸ ਬੀਬੀ ਨੂੰ ਬਾਬਾ ਬੁੱਢਾ ਜੀ ਮਿਲ ਪਏ ਅਤੇ ਉਸ ਦੀ ਗੱਲ ਸੁਣ ਕੇ ਕਹਿਣ ਲੱਗੇ ਬੀਬੀ! ਕਲਮ ਦਵਾਤ ਲੈ ਜਾ ਅਤੇ ਫਰਿਆਦ ਕਰ ਕਿ ਸੱਚੇ ਪਾਤਿਸ਼ਾਹੋ। ਅਗਰ ਪਹਿਲਾਂ ਭਾਗਾਂ ਵਿੱਚ ਪੁੱਤਰ ਨਹੀਂ ਲਿਖਿਆ ਤਾਂ ਹੁਣ ਲਿਖ ਦਿਓ। ਜਦੋਂ ਹਜ਼ੂਰ ਲਿਖਣ ਲੱਗੇ ਤਾਂ ਕਹਿੰਦੇ ਹਨ ਕਿ ਘੋੜਾ ਹਿੱਲਣ ਕਾਰਨ ਏਕੇ ਦਾ ਸਾਤਾ ਬਣ ਗਿਆ ਪਰ ਇਹ ਸੱਚ ਹੈ ਕਿ

*ਤਿਨਕਾ ਤੂਟੇ ਨਹੀਂ ਬਿਨ ਸਤਿਗੁਰ ਕੀ ਦਇਆ।*

ਅਗਰ ਸਤਿਗੁਰ ਦੀ ਰਜਾ ਤੋਂ ਬਿਨਾ ਤੀਲਾ ਨਹੀਂ ਟੁੱਟ ਸਕਦਾ ਤਦ ਘੋੜਾ ਕਿਵੇਂ ਹਿੱਲ ਸਕਦਾ ਸੀ? ਇਸ ਤਰ੍ਹਾਂ ਜਿਸ ਬੀਬੀ ਦੇ ਭਾਗਾਂ ਵਿੱਚ ਇੱਕ ਪੁੱਤਰ ਨਹੀਂ ਸੀ ਉਸ ਦੇ ਘਰ ਸੱਤ ਪੁੱਤਰ ਪੈਦਾ ਹੋਏ।

ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੂੰ ਇੱਕ ਵਾਰ ਜਹਾਂਗੀਰ ਨੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ। ਤਾਂ ਸਾਈਂ ਮੀਆਂ ਮੀਰ ਸ਼ੇਰ ਬਣ ਕੇ ਜਹਾਂਗੀਰ ਦੀ ਛਾਤੀ ਉੱਪਰ ਬੈਠ ਗਿਆ ਕਿ ਤੂੰ ਸਾਡੇ ਗੁਰੂ ਨੂੰ ਜੇਲ੍ਹ ਵਿੱਚ ਬੰਦ ਕੀਤਾ ਹੈ। ਜਦੋਂ ਜਹਾਂਗੀਰ ਨੇ ਗੁਰੂ ਜੀ ਤੋਂ ਜੇਲ੍ਹ ਤੋਂ ਬਾਹਰ ਆਉਣ ਲਈ ਕਿਹਾ ਤਾਂ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ ਜੋ ਬਾਈ ਧਾਰ ਦੇ ਰਾਜੇ ਕੈਦ ਕੀਤੇ ਹਨ ਉਹਨਾਂ ਨੂੰ ਵੀ ਛੱਡੋ। ਜਹਾਂਗੀਰ ਨੇ ਕਿਹਾ ਕਿ ਜਿਹੜਾ ਤੁਹਾਨੂੰ ਫੜ ਕੇ ਬਾਹਰ ਆ ਜਾਵੇ ਉਹ ਬਾਹਰ ਆ ਸਕਦਾ ਹੈ। ਤਦ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਆਪਣੇ ਚੋਲੇ ਨੂੰ ਵੱਡੀਆਂ-ਛੋਟੀਆਂ ਬਵੰਜਾਂ ਤਣੀਆਂ ਲਗਵਾ ਲਈਆਂ ਅਤੇ ਬਵੰਜਾ ਰਾਜੇ ਉਹਨਾਂ ਤਣੀਆਂ ਨੂੰ ਫੜ ਕੇ ਬਾਹਰ ਆ ਗਏ ਅਤੇ ਰਿਹਾ ਹੋ ਗਏ। ਇੰਝ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੂੰ ਮੀਰੀ-ਪੀਰੀ ਦੇ ਮਾਲਿਕ, ਪੁੱਤਰਾਂ ਦੇ ਦਾਨੀ ਅਤੇ ਬੰਦੀ ਛੋੜ ਵੀ ਕਿਹਾ ਜਾਂਦਾ ਹੈ।

ਅੱਜ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦਾ ਅਵਤਾਰ ਦਿਵਸ ਹੈ। ਇਸ ਸੰਬੰਧ ਵਿੱਚ ਸੰਗਤ ਨੇ ਪੁੱਤਰਾਂ, ਪੋਤਰਿਆਂ ਅਤੇ ਦੋਹਤਰਿਆਂ ਦੀ ਦਾਤ ਲਈ ਫਰਿਆਦ ਕਰਦਿਆਂ ਹੋਇਆਂ ਅਰਦਾਸ ਲਿਖਾਈ ਹੈ। ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ ਕੇ ਪੁੱਤਰਾਂ, ਪੋਤਰਿਆਂ ਅਤੇ ਦੋਹਤਰਿਆਂ ਦੀ ਦਾਤ ਨਾਲ ਝੋਲੀਆਂ ਭਰਨ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਨੂੰ ਇਹ ਸਿੱਖਿਆ ਅਤੇ ਭੇਦ ਬਖਸ਼ ਰਹੇ ਹਨ, ਗਾਈਡ ਕਰ ਰਹੇ ਹਨ ਕਿ ਐ ਦੁਨੀਆਂ ਵਾਲਿਓ! ਅਸੀਂ ਆਪਣੇ ਤੇ ਹੀ ਘਟਾ ਕੇ ਦੱਸਦੇ ਹਾਂ ਕਿ ਤੁਸੀਂ ਸਾਰੇ ਕਹਿੰਦੇ ਹੋ ਕਿ ਬਾਬਾ ਜੀ, ਸੁਆਮੀ ਜੀ ਆਏ ਹਨ ਉਹ ਸਤਿਸੰਗ ਕਰਨਗੇ। ਪਰ ਅਸੀਂ ਆਪਣੇ ਵਾਸਤੇ ਬਾਰ ਬਾਰ ਕਹਿੰਦੇ ਹਾਂ ਕਿ

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ੬੧ ॥*

*(ਅੰਗ 1381)*

ਤਥਾ

*ਜੇ ਮੈਂ ਦੇਖਾਂ ਆਪਣੇ ਵੱਲੇ ਨਹੀਂ ਕੋਊ ਥਾਉਂ।*
*ਜਿਤਨੇ ਰੋਮ ਵਿੱਚ ਸਰੀਰੇ ਓਦੂੰ ਵੱਧ ਗੁਨਾਉਂ।*

ਪਰ ਸਤਿਗੁਰੂ!

*ਤੂੰ ਵੀ ਨਹੀਂ ਟਲਿਆ ਮੈਂ ਵੀ ਨਹੀਂ ਟਲਿਆ*

*ਆਪਣੀ ਆਪਣੀ ਕਾਰੋਂ।*

*ਮੇਰੇ ਔਗੁਣ ਤੇਰੀ ਬਖਸ਼ਿਸ਼ ਗਿਣਤੀ ਬੇਸ਼ੁਮਾਰੋਂ।*

ਸੱਚੇ ਪਾਤਿਸ਼ਾਹੋ! ਮੇਰੇ ਵਿੱਚ ਗੁਨਾਹਾਂ ਦੀ ਕਮੀ ਨਹੀਂ ਹੈ ਅਤੇ ਤੁਹਾਡੇ ਵਿੱਚ ਬਖਸ਼ਿਸ਼ ਦੀ ਕਮੀ ਨਹੀਂ ਹੈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਜਿਹਨਾਂ ਨੇ ਪੁੱਤਰਾਂ, ਪੋਤਰਿਆਂ ਅਤੇ ਦੋਹਤਰਿਆਂ ਦੀ ਦਾਤ ਲੈਣ ਵਾਸਤੇ ਅਰਦਾਸ ਕੀਤੀ ਹੈ ਉਹ ਅੱਜ ਦੀ ਅਰਦਾਸ ਤੋਂ ਬਾਦ ਕਿਸੇ ਨਾਲ ਗਲਤ ਵਿਵਹਾਰ ਨਾ ਕਰਨ ਕਿਸੇ ਦਾ ਮਾੜਾ ਨਾ ਸੋਚਣ। ਕਿਉਂਕਿ

*ਬੁਰਾ ਜੋ ਦੇਖਣ ਮੈ ਚਲਾ ਬੁਰਾ ਨ ਮਿਲਿਆ ਕੋਇ॥*

*ਜਬ ਮਨ ਦੇਖਾ ਆਪਣਾ ਮੁਝ ਸੇ ਬੁਰਾ ਨ ਕੋਇ॥*

*ਤਥਾ*

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*

*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥੭॥*

*(ਅੰਗ 1364)*

ਜਦੋਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਤਸੀਹੇ ਸਹਿਣ ਤੋਂ ਬਾਅਦ ਅਲੋਪ ਹੋਏ ਤਾਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਐਨੇ ਜੁਲਮਾਂ ਨੂੰ ਦੇਖਦੇ ਹੋਏ ਲੋਹ ਗੜ੍ਹ ਕਿਲੇ ਵਿੱਚ ਜਾ ਕੇ ਪਹਿਲਵਾਨੀਆਂ ਅਤੇ ਕੁਸ਼ਤੀਆਂ ਕਰਵਾਉਣੀਆਂ ਸ਼ੁਰੂ ਕੀਤੀਆਂ। ਸੰਗਤ ਨੂੰ ਕਿਹਾ ਗਿਆ ਕਿ ਪੈਸੇ ਸੇਵਾ ਭੇਟਾ ਕਰਨ ਦੀ ਜਗ੍ਹਾ ਘੋੜੇ ਅਤੇ ਸ਼ਸ਼ਤਰ ਭੇਟਾ ਕੀਤੇ ਜਾਣ। ਉਸ ਤੋਂ ਬਾਦ ਉਹ ਕਾਹਨੂੰਵਾਨ ਸ਼ੰਭ ਦੇ ਨੇੜੇ ਚਲੇ ਗਏ। ਸਾਡੇ ਇਲਾਕੇ ਵਿੱਚ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਨੂੰ ਕੋਈ ਸ਼ਹਿਰ ਨਹੀਂ ਕਹਿੰਦਾ। ਇਕੱਲਾ ਸ੍ਰੀ ਹਰਿਗੋਬਿੰਦਪੁਰ ਨੂੰ ਸ਼ਹਿਰ ਕਿਹਾ ਜਾਂਦਾ ਹੈ ਕਿਉਂਕਿ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਸਭ ਤੋ ਪਹਿਲਾਂ ਉਥੇ ਜਾ ਕੇ ਡੇਰਾ ਲਾਇਆ। ਉਸ ਜਗ੍ਹਾ ਤੇ ਪਹਿਲਾਂ ਸ਼ੰਭ ਹੀ ਹੰਦਾ ਸੀ। ਉਥੋਂ ਬਿਆਸ ਦਰਿਆ ਟੱਪ ਕੇ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਅਤੇ ਉਹਨਾਂ ਦੇ ਬੇਟੇ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਗੁਰੀਲਾ ਵਾਰ ਕਰਦੇ ਰਹੇ। ਹਜ਼ੂਰ ਨੌਵੇਂ ਪਾਤਿਸ਼ਾਹ ਜੀ ਦਾ ਨਾਮ ਤੇਗ ਮੱਲ ਸੀ। ਯੁੱਧਾਂ ਵਿੱਚ ਬਹਾਦਰੀ ਦਿਖਾਉਣ ਕਾਰਨ ਉਹਨਾਂ ਦਾ ਨਾਮ ਤੇਗ ਬਹਾਦਰ ਪੈ ਗਿਆ। ਸੋਈ ਸਿੱਖਾਂ ਨੇ ਸਭ ਤੋਂ ਪਹਿਲਾਂ ਉਥੇ ਜੁਲਮ ਦੇ ਟਾਕਰੇ ਵਾਸਤੇ ਲੜਾਈ ਲੜੀ। ਇੱਕ ਦਿਨ ਜੰਗ ਵਿੱਚ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੇ ਰਥ ਦਾ ਧੁਰਾ ਟੁੱਟ ਗਿਆ ਤਾਂ ਭਾਈ ਰਿਆੜਾ ਜੀ ਨੇ ਧੁਰੇ ਦੀ ਜਗ੍ਹਾ ਆਪਣੀ ਬਾਂਹ ਰਥ ਦੇ ਪਹੀਏ ਵਿੱਚ ਦੇ ਕੇ ਰਥ ਨੂੰ ਜੰਗ ਦੇ ਮੈਦਾਨ ਤੋਂ ਬਾਹਰ ਕੱਢ ਲਿਆਂਦਾ। ਹਜ਼ੂਰ ਕਹਿਣ ਲੱਗੇ ਭਾਈ ਰਿਆੜਾ! ਤੇਰੀ ਬਾਂਹ ਖਰਾਬ ਹੋ ਗਈ ਹੈ। ਭਾਈ ਰਿਆੜਾ ਨੇ ਕਿਹਾ ਹਜ਼ੂਰ! ਇਹੋ ਜਿਹੀਆਂ ਲੱਖਾਂ ਬਾਹਵਾਂ ਕੱਟ ਦਿੱਤੀਆਂ ਜਾਣ, ਪਰ ਖੁਸ਼ੀ ਇਸ ਗੱਲ ਦੀ ਹੈ ਕਿ ਹਜ਼ੂਰ ਸਹੀ ਸਲਾਮਤ ਬਾਹਰ ਆ ਗਏ ਹਨ। ਹਜ਼ੂਰ ਨੇ ਉੱਥੇ ਬਹੁਤ ਸਾਰੇ ਵਰ ਦਿੱਤੇ ਕਿ ਰਿਆੜੋ! ਤੁਸੀਂ ਰੜੇ ਆਕੀ ਰਹੋਗੇ, ਜੁਲਮ ਦਾ ਟਾਕਰਾ ਕਰੋਗੇ। ਤੁਹਾਨੂੰ ਕੋਈ ਫਤਹਿ ਨਹੀਂ ਕਰ ਸਕੇਗਾ। ਫੇਰ ਉਸ ਜਗ੍ਹਾ ਛੋਟਾ ਘੱਲੂਘਾਰਾ ਹੋਇਆ। ਉਥੇ ਘੇਰਾ ਪਾ ਕੇ ਬਾਰਾਂ ਹਜਾਰ ਦੇ ਕਰੀਬ ਸਿੰਘ ਅਤੇ ਸਿੰਘਣੀਆਂ ਨੂੰ ਸ਼ਹੀਦ ਕੀਤਾ ਗਿਆ ਸੀ।

ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਅਗਰ ਬਜਾਰ ਵਿਚੋਂ ਕੋਈ ਚੀਜ਼ ਲੈਣੀ ਹੋਵੇ ਤਾਂ ਉਸ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਅਗਰ ਤੁਸੀਂ ਗੁਰੂ ਘਰ ਵਿਚੋਂ ਪੁੱਤਰਾਂ, ਪੋਤਰਿਆਂ ਅਤੇ ਦੋਹਤਰਿਆਂ ਦੀ ਦਾਤ ਪ੍ਰਾਪਤ ਕਰਨੀ ਹੈ ਤਾਂ ਤੁਹਾਨੂੰ ਪੈਸੇ ਨਹੀਂ ਬਲਕਿ ਆਪਣੇ ਮਨ ਨੂੰ ਦੂਸਰਿਆਂ ਪ੍ਰਤੀ ਸਹੀ ਰੱਖਣਾ ਪੈਣਾ ਹੈ

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥*

*(ਅੰਗ 1382)*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਟਾਈਮ ਦੇ ਲਿਖਾਰੀ ਭਾਈ ਨੰਦ ਲਾਲ ਜੀ ਹੋਏ ਹਨ। ਉਹਨਾਂ ਨੇ ਲਿਖਿਆ ਹੈ ਕਿ

*ਪਿਛਲੀ ਉਮਰ ਗੁਨਾਹੀ ਬੀਤੀ*

*ਗੁਰ ਕੀ ਭਗਤਿ ਨ ਕੀਤੀ।*

*ਆਗੈ ਸਮਝ ਚਲੋ ਨੰਦ ਲਾਲਾ*

*ਜੋ ਬੀਬੀ ਸੋ ਬੀਤੀ।*

ਸਾਡੇ ਉੱਪਰ ਹਜ਼ੂਰ ਨੇ ਕਿਰਪਾ ਕੀਤੀ ਹੈ। ਅਸੀਂ ਅੱਜ ਤੱਕ ਕਦੇ ਕਿਸੇ ਦਾ ਮਾੜਾ ਨਹੀਂ ਸੋਚਿਆ, ਨਾ ਹੀ ਕਦੇ ਕਿਸੇ ਵਾਸਤੇ ਮਾੜੀ ਅਰਦਾਸ ਕੀਤੀ ਹੈ। ਅਗਰ ਕੋਈ ਗਲਤ ਹੋਵੇ ਅਸੀਂ ਉਸ ਦੇ ਮੂੰਹ ਉੱਪਰ ਹੀ ਕਹਿ ਦਿੰਦੇ ਹਾਂ।

ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਸਾਡਾ ਮਨ ਮੈਲਾ ਵੀ ਹੈ, ਕੁਚੈਲਾ, ਲਿੱਬੜਿਆ ਹੋਇਆ ਵੀ ਹੈ ਪਰ ਅਸੀਂ ਤੁਹਾਨੂੰ ਇੱਕ ਸਿਖਿਆ ਦਿੰਦੇ ਹਾਂ। ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

## ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ

ਦੁਨੀਆਂ ਵਿੱਚ ਕੋਈ ਵੀ ਸਾਫ਼ ਜਾਂ ਪਾਕ ਨਹੀਂ ਹੈ। ਸਿਰਫ

*ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥*

*ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ॥੪॥*

*(ਅੰਗ 727)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਕਿ ਉਹ ਅੱਲਾਹ,

ਗਾਡ, ਰਾਮ, ਵਾਹਿਗੁਰੂ, ਖੁਦਾ, ਦਸ ਪਾਤਿਸ਼ਾਹੀਆਂ ਪਾਕ ਹਨ ਬਾਕੀ ਕੋਈ ਪਾਕ ਨਹੀਂ ਹੈ। ਹਰ ਬੰਦੇ ਵਿੱਚ ਕੋਈ ਗੁਨਾਹ ਹੁੰਦਾ ਹੈ। ਉਸ ਕੋਲੋਂ ਕੋਈ ਨਾ ਕੋਈ ਭੁੱਲ ਹੋਈ ਹੁੰਦੀ ਹੈ। ਪਰ ਉਹ ਮਾਲਿਕ, ਧੁਰਕੀ ਬਾਣੀ, ਅਕਾਲ ਪੁਰਖ ਸਾਫ਼ ਹਨ।

ਅਸੀਂ ਇੱਕ ਵਾਰ ਆਪਣੇ ਹਜ਼ੂਰ ਕੋਲ ਬੇਨਤੀ ਕੀਤੀ ਕਿ ਹਜ਼ੂਰ! ਅਸੀਂ ਸਭ ਤੋਂ ਵੱਧ ਗੁਨਾਹਗਾਰ ਹਾਂ, ਲਿੱਬੜੇ ਹੋਏ ਹਾਂ, ਗਲਤੀਆਂ ਕਰਦੇ ਹਾਂ। ਹਜ਼ੂਰ ਕਹਿਣ ਲੱਗੇ ਪੁੱਤਰ! ਮਾਂ ਲਿੱਬੜੇ ਬੱਚੇ ਨੂੰ ਸਭ ਤੋਂ ਜਿਆਦਾ ਧੋਂਦੀ ਹੈ, ਦੂਸਰੇ ਨੂੰ ਚਾਹੇ ਨਾ ਧੋਵੇ। ਸੋਈ ਪਾਕ ਕੋਈ ਵੀ ਨਹੀਂ ਹੈ। ਸੂਫ਼ੀ ਫ਼ਕੀਰਾਂ ਨੇ ਲਿਖਿਆ ਹੈ ਕਿ

*ਖੁਦਾ ਪੂਛੇਗਾ ਇਨ ਪ੍ਰਹੇਜਗਾਰੋਂ ਸੇ*
*ਤੁਮਨੇ ਗੁਨਾਹ ਕਿਉਂ ਨਾ ਕੀਏ।*
*ਕਿਆ ਤੁਮਹੇ ਮੇਰੀ ਰਹਿਮਤ ਪਰ*
*ਇਤਬਾਰ ਨਾ ਥਾ?*

ਕੀ ਤੈਨੂੰ ਯਕੀਨ ਨਹੀਂ ਸੀ ਕਿ ਮੈਂ ਤੈਨੂੰ ਮਾਫ਼ ਕਰ ਦਿਆਂਗਾ? ਗੁਰਬਾਣੀ ਵਿੱਚ ਦਰਜ ਹੈ ਕਿ

*ਮਿਹਰਵਾਨੁ ਸਾਹਿਬੁ ਮਿਹਰਵਾਨੁ॥*
*ਸਾਹਿਬੁ ਮੇਰਾ ਮਿਹਰਵਾਨੁ॥*
*ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥*
*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥*
*(ਅੰਗ 724)*

ਐਸਾ ਨਹੀਂ ਹੈ ਕਿ ਅਸੀਂ ਜਾਣ ਬੁੱਝ ਕੇ ਗਲਤੀਆਂ ਕਰਨੀਆਂ ਸ਼ੁਰੂ ਕਰ ਦੇਈਏ। ਅਗਰ ਕੋਈ ਭੁੱਲ ਸਹਿਵਨ ਹੋ ਜਾਂਦੀ ਹੈ ਤਦ ਮਾਲਿਕ ਦਿਆਲੂ ਹਨ ਉਹ ਮਾਫ਼ ਕਰ ਦਿੰਦੇ ਹਨ। ਪਰ ਸ਼ਰਤ ਇਹ ਹੈ ਕਿ ਜੀਵ ਆਪਣੇ ਗੁਨਾਹ ਨੂੰ ਕਬੂਲ ਕਰ ਲਵੇ ਅਤੇ ਬੇਨਤੀ ਕਰੇ ਕਿ ਹਜ਼ੂਰ!

*ਅਸੀ ਖਤੇ ਬਹੁਤੁ ਕਮਾਵਦੇ*
*ਅੰਤੁ ਨ ਪਾਰਾਵਾਰੁ।।*
*ਹਰਿ ਕਿਰਪਾ ਕਰਿ ਕੈ ਬਖਸਿ ਲੈਹੁ*
*ਹਉ ਪਾਪੀ ਵਡ ਗੁਨਹਗਾਰੁ॥*
*ਹਰਿ ਜੀਉ ਲੇਖੈ ਵਾਰ ਨ ਆਵਈ*
*ਤੂੰ ਬਖਸਿ ਮਿਲਾਵਣਹਾਰੁ॥ (ਅੰਗ 1416)*

ਹਜ਼ੂਰ! ਮੇਰੇ ਕਰਮਾਂ ਦੇ ਲੇਖੇ ਨਾ ਗਿਣਿਓ ਸਿਰਫ਼ ਬਖਸ਼ਿਸ਼ ਹੀ ਰੱਖਿਓ। ਅਗਰ ਅਸੀਂ ਐਸੀਆਂ ਬੇਨਤੀਆਂ ਕਰਾਂਗੇ ਫੇਰ ਬਖਸ਼ੇ ਜਾ ਸਕਦੇ ਹਾਂ।

**ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੀਵ ਗੁਰੂ ਦੇ ਵੱਲ ਨਾ ਤੁਰ ਕੇ ਮਨ ਦੇ ਪਿੱਛੇ ਤੁਰਦੇ ਹਨ।

ਸਰਦਾਰ ਪਾਲਾ ਸਿੰਘ ਦਾ ਪਰਿਵਾਰ ਅਤੇ ਦਰਸ਼ਨਜੀਤ ਸਿੰਘ ਢੀਂਡਸਾ ਅਤੇ ਹੋਰ ਵੀ ਬਹੁਤ ਸਾਰੇ ਪਰਿਵਾਰ ਹਨ, ਉਹਨਾਂ ਨੇ ਸ਼ਾਮ ਨੂੰ ਇੱਕ ਸ਼ਰਤ 'ਤੇ ਕਿਸੇ ਦੇ ਘਰ ਜਾਣਾ ਕਿ ਅਸੀਂ ਸਵੇਰੇ ਚਾਹ ਨਹੀਂ ਪੀਂਦੇ ਹਾਂ। ਬੈੱਡ ਟੀ ਦੀ ਜਗ੍ਹਾ ਸਾਡੇ ਸਿਰਹਾਣੇ ਸ਼ਰਾਬ ਦੀ ਬੋਤਲ ਚਾਹੀਦੀ ਹੈ। ਉਹ ਟਿੰਡਾਂ ਭਰ ਭਰ ਕੇ ਸ਼ਰਾਬ ਪੀਂਦੇ ਸਨ। ਇਹ ਜੋ ਐਮ.ਪੀ ਹੈ ਇਹ ਬਲਦੇਵ ਸਿੰਘ ਦਾ ਲੜਕਾ ਹੈ। ਇਹਨਾਂ ਦਾ ਪਿੰਡ ਹਰਿਆਣੇ ਵਿੱਚ ਹੈ ਇਹਨਾਂ ਨੇ ਟੇਬਲ ਉੱਪਰ ਇੱਕ ਡਰੰਮ ਸ਼ਰਾਬ ਦਾ ਰੱਖਿਆ ਹੁੰਦਾ ਸੀ। ਉਸ ਦੇ ਚਾਰ-ਚੁਫੇਰੇ ਤਿੰਨ ਚਾਰ ਟੂਟੀਆਂ ਲੱਗੀਆਂ ਹੋਈਆਂ ਸਨ। ਉਸ ਡਰੰਮ ਦੇ ਚੁਫੇਰੇ ਕੁਰਸੀਆਂ ਲਾ ਕੇ ਬੈਠਦੇ ਸਨ। ਬੱਕਰੇ ਭੁੰਨ ਕੇ ਦਰੱਖਤ ਨਾਲ ਟੰਗੇ ਹੁੰਦੇ ਸਨ। ਆਪੋ ਆਪਣੀ ਟੂਟੀ ਖੋਲ ਕੇ ਜਿੰਨੀ ਸ਼ਰਾਬ ਚਾਹੀਦੀ ਹੋਣੀ ਓਨੀ ਪਾ ਲੈਂਦੇ ਸਨ। ਇਹਨਾਂ ਦਾ ਅਸੂਲ ਸੀ ਕਿ ਕੋਈ ਸ਼ੀਸ਼ੇ ਦਾ ਗਿਲਾਸ ਨਹੀਂ ਵਰਤੇਗਾ ਕਿਉਂਕਿ ਉਸ ਵਿੱਚ ਪਾ ਕੇ ਪੀਣ ਨਾਲ ਨਜ਼ਰ ਲੱਗ ਜਾਂਦੀ ਹੈ। ਪਿੱਤਲ ਦੇ ਕੜੇ ਵਾਲੇ ਅਤੇ ਬੂਟੀਆਂ ਵਾਲੇ ਗਿਲਾਸਾਂ ਵਿੱਚ ਪੀਂਦੇ ਸਨ ਤਾਂ ਕਿ ਕੋਈ ਇਹ ਨਾ ਦੇਖੇ ਕਿ ਕਿੰਨੀ ਪੀ ਲਈ ਹੈ। ਸੋਈ ਐਸੇ ਜੀਵ ਵੀ ਇੱਥੇ ਆਉਣ ਤੋਂ ਬਾਅਦ ਸਭ ਕੁਝ ਛੱਡ ਕੇ ਬਖਸ਼ੇ ਗਏ। ਅਸੀਂ ਦੇਖਿਆ ਹੈ ਕਿ ਸੱਜਣ ਠੱਗ, ਭੂਮੀਆਂ ਚੋਰ, ਬਿਧੀ ਚੰਦ ਡਕੈਤ, ਅਜਾਮਲ ਪਾਪੀ, ਕੌਡਾ ਰਾਖਸ, ਗਣਕਾ ਵੇਸਵਾ, ਸਧਨਾ ਕਸਾਈ ਆਦਿ ਸਭ ਦੇ ਗੁਨਾਹ ਇਕੱਠੇ ਕੀਤੇ ਜਾਣ ਤਦ ਉਹਨਾਂ ਤੋਂ ਵੱਧ ਗੁਨਾਹ ਸਾਡੇ ਵਿੱਚ ਸਨ। ਅਗਰ ਸਾਨੂੰ ਹਜ਼ੂਰ ਨੇ ਮਾਫ਼ ਕਰ ਦਿੱਤਾ ਹੈ ਤਾਂ ਤੁਸੀਂ ਤਾਂ ਸਾਡੇ ਨਾਲੋਂ ਚੰਗੇ ਹੋ। ਅਗਰ ਜੀਵ ਮਾਲਿਕ ਅੱਗੇ।

*ਖੋਹਲੇ ਕਪਟ ਨ ਰਾਖੇ ਪਰਦਾ।*
*ਗੁਰੂ ਅੱਗੇ ਆਖੇ ਰਖ ਰਖ ਸਰਧਾ।*

ਸਾਰੇ ਗੁਨਾਹ ਖੋਹਲ ਦੇਵੇ ਕਿ ਸੱਚੇ ਪਾਤਿਸ਼ਾਹੋ! ਮੈਂ ਗੁਨਾਹਗਾਰ ਹਾਂ ਪਰ ਤੁਸੀਂ ਬਖਸ਼ਣਹਾਰ ਹੋ ਮੇਰੇ ਉੱਪਰ ਕਿਰਪਾ ਕਰੋ। ਤਦ ਹਜ਼ੂਰ ਅਵੱਸ਼ ਬਖਸ਼ਿਸ਼ ਕਰਦੇ ਹਨ।

**ਪਰਾਈ ਜੋ ਨਿੰਦਾ ਚੁਗਲੀ ਨੋ**
**ਵੇਮੁਖੁ ਕਰਿ ਕੈ ਭੇਜਿਆ**

ਤੁਸੀਂ ਦੇਖਿਓ ਜਦੋਂ ਕੋਈ ਚੁਗਲੀ ਨਿੰਦਾ ਕਰ ਰਿਹਾ ਹੋਵੇ ਤਾਂ ਸੁਣਨ ਵਾਲੇ ਨੇ ਕੰਨਾਂ ਨਾਲ ਸੁਣਨੀ ਹੁੰਦੀ ਹੈ ਪਰ ਨਾਲ ਮੂੰਹ ਵੀ ਅੱਡਿਆ ਹੁੰਦਾ ਹੈ। ਪਰਾਈ ਨਿੰਦਾ ਅਤੇ ਚੁਗਲੀ

ਅਸੀਂ ਅੱਡੀਆਂ ਚੁੱਕ ਚੁੱਕ ਕੇ ਸੁਣਦੇ ਹਾਂ

ਪਰ

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ॥ (ਅੰਗ 755)*

ਤਥਾ

*ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥*
*ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ ੧੭॥*
*(ਅੰਗ 1378)*

ਹਜੂਰ ਫੁਰਮਾਉਂਦੇ ਹਨ ਕਿ ਬਾਕੀ ਗਲਤੀਆਂ ਤਾਂ ਇੱਕ ਪਾਸੇ ਤੁਸੀਂ ਨਿੰਦਾ ਚੁਗਲੀ ਤੋਂ ਬਚ ਕੇ ਰਹਿਓ। ਹੁਕਮਨਾਮਾ ਤਾਂ ਸਾਰਿਆਂ ਵਾਸਤੇ ਆਇਆ ਹੈ ਪਰ ਜਿਹਨਾਂ ਨੇ ਬੱਚਿਆਂ ਵਾਸਤੇ ਅਰਦਾਸ ਕਰਾਈ ਹੈ ਉਹਨਾਂ ਵਾਸਤੇ ਸਪੈਸ਼ਲ ਸਿੱਖਿਆ ਆਈ ਹੈ ਕਿ ਭਲਿਓ ਲੋਕੋ! ਅਗਰ ਕੋਈ ਗਲਤੀ ਕਰਦਾ ਹੈ ਤਾਂ ਉਹ ਆਪੇ ਭੁਗਤੇਗਾ। ਪਰ

*ਕਬੀਰਾ ਤੇਰੀ ਝਉਪੜੀ ਗਲਿ ਕਟੀਅਨਿ ਕੇ ਪਾਸਿ।*
*ਜੋ ਕਰਨਗੇ ਸੋ ਭਰਨਗੇ ਤੂੰ ਕਿਉ ਭਇਆ ਉਦਾਸਿ।*

ਸਾਨੂੰ ਭੁੱਲ ਕੇ ਵੀ ਨਿੰਦਿਆ, ਚੁਗਲੀ ਜਾਂ ਪਰਾਏ ਜੀਵ ਬਾਰੇ ਕੁਝ ਨਹੀਂ ਕਹਿਣਾ ਚਾਹੀਦਾ।

**ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥**

ਹਜੂਰ ਫੁਰਮਾਨ ਕਰ ਰਹੇ ਹਨ ਕਿ

*ਧਰਮ ਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੈ ਜਾਹਿਗਾ॥ (ਅੰਗ 1106)*

ਜਦੋਂ ਦਰਗਹ ਵਿੱਚ ਤੇਰਾ ਹਿਸਾਬ ਕਿਤਾਬ ਹੋਣਾ ਹੈ ਉਦੋਂ ਨਿੰਦਕ ਦੇ ਮੂੰਹ ਉਪਰ ਸਿਆਹੀ ਮਲੀ ਜਾਣੀ ਹੈ। ਕਿਉਂਕਿ

*ਕਾਮੀ ਤਰੇ ਕਰੋਧੀ ਤਰੇ ਪਾਪੀ ਭੀ ਤਰ ਜਾਇ।*
*ਆਣ ਉਪਾਸਕ ਅਕ੍ਰਿਤਘਣ ਕਦੇ ਨ ਬਖਸਿਆ ਜਾਇ।*

ਜਿਹੜਾ ਜੀਵ ਕਿਸੇ ਦੇ ਕੀਤੇ ਨੂੰ ਭੁੱਲਦਾ ਹੈ ਉਹ ਵੀ ਬਖਸ਼ਿਆ ਨਹੀਂ ਜਾਂਦਾ।

ਕੋਈ ਲੜਕਾ ਵਿਆਹ ਦੀਆਂ ਮੂਵੀਆਂ ਬਣਾਉਂਦਾ ਸੀ। ਉਸ ਦੀ ਮਾਂ ਨੇ ਮੂਵੀਆਂ ਦੇਖ ਕੇ ਕਿਹਾ ਕਿ ਪੁੱਤਰ! ਤੂੰ ਹਰ ਵਿਆਹ ਦੀ ਮੂਵੀ ਵਿੱਚ ਇੱਕੋ ਜਿਹੇ ਸ਼ਬਦ ਅਤੇ ਇੱਕੋ ਜਿਹੇ ਗਾਣੇ ਭਰੇ ਹਨ। ਕੀ ਹੋਰ ਕੋਈ ਸ਼ਬਦ ਜਾਂ ਗਾਣਾ ਨਹੀਂ ਹੈ ਜੋ ਭਰਿਆ ਜਾ ਸਕੇ? ਗੁਰਦੁਆਰੇ ਦਾ ਭਾਈ (ਗ੍ਰੰਥੀ) ਵੀ ਹਰ ਵਿਆਹ ਵਿੱਚ ਉਹੋ ਇਕ ਹੀ ਹੁਕਮਨਾਮਾ ਲੈਂਦਾ ਹੈ। ਕੀ ਹੁਕਮਨਾਮਾ ਕੱਢਣ ਸਮੇਂ ਇਕੋ ਹੀ ਅੰਗ ਤੋਂ ਹੁਕਮਨਾਮਾ ਨਿਕਲਦਾ ਹੈ ਹੋਰ ਕੋਈ ਅੰਗ ਨਹੀਂ ਆਉਂਦਾ? ਪਰ ਭਾਈ ਸਭ ਨੂੰ ਖੁਸ਼ ਕਰਨ ਵਾਸਤੇ ਉਹੋ ਹੀ ਹੁਕਮਨਾਮਾ ਕੱਢਦੇ ਹਨ ਜਿਸ ਨੂੰ ਸਾਰੇ ਕਹਿਣ ਕਿ ਬਹੁਤ ਵਧੀਆ ਅਤੇ ਬਖਸ਼ਿਸ਼ ਵਾਲਾ ਹੁਕਮਨਾਮਾ ਆਇਆ ਹੈ। ਅਸੀਂ ਕਹਿੰਦੇ ਹਾਂ ਕਿ ਇਹ ਹੁਕਮਨਾਮਾ ਵਧੀਆ ਹੈ ਜਿਹੜਾ ਸਾਨੂੰ ਗੁਨਾਹ ਕਰਨ ਤੋਂ ਰੋਕਦਾ ਹੈ, ਗਲਤੀ ਕਰਨ ਤੋਂ ਰੋਕਦਾ ਹੈ, ਸਿੱਖਿਆ ਦਿੰਦਾ ਹੈ। ਜਿਹੜੇ ਮਾਂ ਬਾਪ ਬੱਚੇ ਦੀ ਗਲਤੀ ਨੂੰ ਸੁਧਾਰਦੇ ਹਨ ਉਹ ਮਾਂ ਬਾਪ ਚੰਗੇ ਹਨ ਬੇਸ਼ੱਕ ਉਸ ਮਾਂ ਬਾਪ ਨੂੰ ਹੋਰ ਕੋਈ ਮਾੜਾ ਸਮਝੇ।

ਸਾਡੇ ਹੱਥ ਉੱਪਰ ਨਿਸ਼ਾਨ ਹੈ। ਜਦੋਂ ਅਸੀਂ ਸਰਵਿਸ ਕਰਦੇ ਸੀ ਸਾਡੇ ਉੱਥੇ ਸ਼ਾਦੀ ਲਾਲ ਐਸ.ਐਚ.ਓ ਹੁੰਦਾ ਸੀ। ਕਤਲ ਦਾ ਮੁਕੱਦਮਾ ਸੀ ।ਅਸੀਂ ਲਿਖਣ ਲੱਗੇ ਤਾਂ ਲਿਖਦੇ ਸਮੇਂ ਸਾਡੇ ਕੋਲੋਂ ਗਲਤੀ ਹੋ ਗਈ। ਉਸ ਸਮੇਂ ਥਾਣੇ ਵਿੱਚ ਲੋਹੇ ਦੀ ਚਪਟੀ (ਫੱਟੀ) ਹੁੰਦੀ ਸੀ। ਜਦੋਂ ਅਸੀਂ ਲਿਖ ਰਹੇ ਸੀ ਤਾਂ ਉਸ ਨੇ ਉਹ ਚਪਟੀ ਫੜ ਕੇ ਸਾਡੇ ਹੱਥ ਉੱਪਰ ਮਾਰੀ। ਸਾਡਾ ਹੱਥ ਜ਼ਖ਼ਮੀ ਹੋ ਗਿਆ। ਅਸੀਂ ਕੱਪੜਾ ਲੈ ਕੇ ਹੱਥ ਨੂੰ ਬੰਨ੍ਹ ਲਿਆ। ਨਾਲੇ ਅਸੀਂ ਰੋਈ ਜਾਈਏ ਅਤੇ ਨਾਲੇ ਕਹੀ ਜਾਈਏ ਕਿ ਚੌਧਰੀ ਸਾਹਿਬ! ਅਸੀਂ ਮੁੜ ਕੇ ਗਲਤੀ ਨਹੀਂ ਕਰਾਂਗੇ। ਫੇਰ ਬਾਦ ਵਿੱਚ ਅਸੀਂ ਜਦੋਂ ਵੀ ਚੌਧਰੀ ਸ਼ਾਦੀ ਲਾਲ ਨੂੰ ਮਿਲਣਾ ਉਦੋਂ ਹੀ ਕਹਿਣਾ ਕਿ ਚੌਧਰੀ ਸਾਹਬ! ਤੁਹਾਡੀ ਵੱਜੀ ਫੱਟੀ ਸਾਡੀ ਜਿੰਦਗੀ ਦੇ ਕੰਮ ਆ ਗਈ। ਇਹ ਨਿਸ਼ਾਨ ਦੇਖਕੇ ਚੇਤਾ ਰਹਿੰਦਾ ਹੈ ਕਿ ਅਸੀਂ ਗਲਤ ਕੰਮ ਨਹੀਂ ਕਰਨਾ ਹੈ। ਗੁਰਬਾਣੀ ਵਿੱਚ ਦਰਜ ਹੈ ਕਿ

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*
*ਜੇ ਬਖਸੇ ਤ ਗੁਰ ਵਡਿਆਈ॥ ੨੫॥ (ਅੰਗ 758)*

ਤਥਾ

*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ*
*ਜੇ ਨਿੰਦੈ ਤ ਛੋਡਿ ਨ ਜਾਈ ॥੯॥ ( ਅੰਗ 757)*

ਅਗਰ ਕੋਈ ਸਾਧੂ, ਟੀਚਰ, ਹੈੱਡਮਾਸਟਰ ਤੁਹਾਨੂੰ ਕੋਈ ਸਿੱਖਿਆ ਦਿੰਦੇ ਹਨ ਤਦ ਤੁਸੀਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝੋ। ਵਰਨਾ ਜੇਕਰ ਕੋਈ ਟੋਕਦਾ ਨਹੀਂ ਹੈ ਤਦ ਬੱਚਾ ਗਲਤ ਪਾਸੇ ਜਾਂਦਾ ਹੈ। ਜਿਆਦਾਤਰ ਦਾਦੇ-ਦਾਦੀਆਂ ਅਤੇ ਨਾਨੇ-ਨਾਨੀਆਂ ਬੱਚਿਆਂ ਨੂੰ ਖਰਾਬ ਕਰਦੇ ਹਨ। ਅਗਰ ਮਾਂ ਬਾਪ ਬੱਚਿਆਂ ਨੂੰ ਝਿੜਕਦੇ ਹਨ ਤਦ ਇਹ ਬਹੁਤ ਰੌਲਾ ਪਾਉਂਦੇ ਹਨ। ਪਰ ਐਸਾ ਨਾ ਕਰਕੇ ਬੱਚੇ ਨੂੰ ਲਾਡ ਵੀ ਲਡਾਵੋ ਅਤੇ ਗਲਤ ਕੰਮ ਕਰਨ ਤੋਂ ਵੀ ਰੋਕੋ। ਹੁਣ ਤੁਸੀਂ ਇਹ ਨਹੀਂ ਸੋਚਣਾ ਕਿ ਹੁਕਮਨਾਮਾ ਸਖਤ ਆਇਆ ਹੈ। ਇਹ ਤਾਂ ਸਾਨੂੰ ਸਿੱਖਿਆ ਦੇਣ ਵਾਲਾ ਆਇਆ ਹੈ। ਵਧੀਆ ਆਇਆ ਹੈ ਤਾਂ ਕਿ ਅਸੀਂ ਹੁਕਮਨਾਮੇ ਅਨੁਸਾਰ ਆਪਣੇ ਜੀਵਨ ਨੂੰ ਢਾਲ ਸਕੀਏ।

### ਤਙ ਸੁਣਿਆ ਸਭਤੁ ਜਗਤ ਵਿਚਿ ਭਾਈ

ਸੁਆਮੀ ਦਇਆ ਨੰਦ ਜੀ ਦੇ ਸਤਿਗੁਰੂ ਸੁਆਮੀ ਵਿਰਜਾ ਨੰਦ ਜੀ ਸਨ ਜੋ ਕਿ ਬਹੁਤ ਹੀ ਕਮਜੋਰ ਸਰੀਰ ਵਾਲੇ ਸਨ। ਇੱਕ ਦਿਨ ਸੁਆਮੀ ਦਇਆ ਨੰਦ ਜੀ ਨੇ ਗਲਤੀ ਕੀਤੀ ਤਾਂ ਉਹਨਾਂ ਦੇ ਸਤਿਗੁਰ ਸੁਆਮੀ ਵਿਰਜਾਨੰਦ ਜੀ ਨੇ ਉਹਨਾਂ ਨੂੰ ਚਾਰ ਪੰਜ ਸੋਟੀਆਂ ਮਾਰੀਆਂ ਅਤੇ ਥੱਕ ਗਏ। ਸੁਆਮੀ ਦਇਆ ਨੰਦ ਜੀ ਨੇ ਉਹਨਾਂ ਦੀ ਬਾਂਹ ਨੂੰ ਚੰਗੀ ਤਰਾਂ ਘੁੱਟ ਨੱਪ ਕੇ ਫੇਰ ਸੋਟੀ ਫੜਾਈ ਕਿ ਸੱਚੇ ਪਾਤਿਸ਼ਾਹੋ! ਮੇਰੀ ਅਕਲ, ਬੁੱਧ ਅਤੇ ਦੇਹ ਮੋਟੀ ਹੈ ਤੁਹਾਡਾ ਸਰੀਰ ਬਹੁਤ ਕੋਮਲ ਅਤੇ ਨਾਜ਼ੁਕ ਹੈ। ਤੁਸੀਂ ਥੱਕ ਗਏ ਸੀ। ਮੈਂ ਹੁਣ ਮੁੱਠੀ-ਚਾਪੀ ਕਰ ਦਿਤੀ ਮੈਨੂੰ ਹੋਰ ਪੰਜ ਸੱਤ ਮਾਰੋ। ਤਦ ਸੁਆਮੀ ਵਿਰਜਾ ਨੰਦ ਜੀ ਕਹਿਣ ਲੱਗੇ ਪੁੱਤਰ! ਤੂੰ ਮੇਰੀਆਂ ਝਿੜਕਾਂ ਨੂੰ ਮਿੱਠਾ ਸਮਝਿਆ ਹੈ ਇਸ ਕਰਕੇ ਤੇਰਾ ਦੁਨੀਆਂ ਵਿੱਚ ਨਾਮ ਹੋਵੇਗਾ। ਹੁਣ ਅਮਰੀਕਾ, ਕਨੇਡਾ, ਇੰਗਲੈਂਡ, ਯੂਰਪ, ਆਸਟ੍ਰੇਲੀਆ, ਇੰਡੀਆ ਭਾਵ ਸਭ ਜਗ੍ਹਾ ਡੀ.ਏ.ਵੀ. ਸਕੂਲ, ਕਾਲਿਜ, ਮੈਡੀਕਲ ਸਟੋਰ ਅਤੇ ਮੈਡੀਕਲ ਕਾਲਜ ਹਨ ਅਤੇ ਉਹਨਾਂ ਅਦਾਰਿਆਂ ਦੀ ਬੈੱਸਟ ਐਜੂਕੇਸ਼ਨ ਹੈ। ਤਦੇ ਹਜੂਰ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਜੇ ਗੁਰ ਝਿੜਕੇ ਤ ਮੀਠਾ ਲਾਗੈ*
*ਜੇ ਬਖਸੇ ਤ ਗੁਰ ਵਡਿਆਈ॥ ੨੫॥* *(ਅੰਗ 758)*

ਅਗਰ ਉਹ ਮਾਫ਼ੀ ਦੇ ਦਿੰਦੇ ਹਨ ਤਾਂ ਇਹ ਉਹਨਾਂ ਦੀ ਵਡਿਆਈ ਹੈ।

*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ*
*ਜੇ ਨਿੰਦੈ ਤ ਛੋਡਿ ਨ ਜਾਈ॥੯॥ (ਅੰਗ 757)*

ਅਗਰ ਲੋਕ ਸਿਫਤਾਂ ਕਰਦੇ ਹਨ ਤਦ ਵੀ ਸਤਿਗੁਰ ਦੀ ਵਡਿਆਈ ਹੈ। ਅਗਰ ਜੀਵ ਨੂੰ ਮਾੜਾ ਕਿਹਾ ਜਾਂਦਾ ਹੈ ਤਜ ਉਥੋਂ ਭੱਜਣ ਦੀ ਜਗ੍ਹਾ ਗਲਤੀ ਨੂੰ ਸੁਣ ਕੇ ਉਸ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰੇ।

### ਵੇਮੁਖੁ ਸਣੈ ਨਫਰੈ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥

ਜਿਹੜੇ ਜੀਵ ਗੱਲ ਸੁਣ ਕੇ ਉੱਠ ਕੇ ਘਰ ਆ ਜਾਂਦੇ ਹਨ ਅਤੇ ਸਿੱਖਿਆ ਪ੍ਰਾਪਤ ਨਹੀਂ ਕਰਦੇ ਉਹ ਮਾਰ ਖਾ ਜਾਂਦੇ ਹਨ। ਜਿੰਨੇ ਵੀ ਅਮੀਰਾਂ ਦੇ ਬੱਚੇ ਹਨ ਉਹਨਾਂ ਨੂੰ ਘਰ ਦੇ ਵਧੀਆ ਚੀਜਾਂ ਅਤੇ ਗੱਡੀਆਂ ਲੈ ਦਿੰਦੇ ਹਨ ਇਸ ਕਰਕੇ ਉਹ ਪੜ੍ਹਦੇ ਨਹੀਂ ਹਨ। ਪਰ ਗਰੀਬਾਂ ਦੇ ਬੱਚੇ ਪੜ੍ਹ ਕੇ ਅਫਸਰ ਲੱਗ ਜਾਂਦੇ ਹਨ। ਜਦੋਂ ਕੋਈ ਇਨਸਾਨ ਗਲਤ ਰਸਤੇ ਪੈਂਦਾ ਹੈ ਉਸ ਨੂੰ ਜਿਹੜਾ ਟੋਕਦਾ ਹੈ ਉਹ ਟੋਕਣ ਵਾਲਾ ਉਸ ਨੂੰ ਬੁਰਾ ਲੱਗਦਾ ਹੈ। ਲੇਕਿਨ ਵਾਸਤਵ ਵਿੱਚ ਜੋ ਤੁਹਾਨੂੰ ਸਿੱਖਿਆ ਦੇ ਰਿਹਾ ਹੁੰਦਾ ਹੈ ਉਹ ਤੁਹਾਡਾ ਹਮਦਰਦੀ ਹੁੰਦਾ ਹੈ। ਅਗਰ ਤੁਸੀਂ ਉਸ ਕੋਲੋਂ ਉਠ ਕੇ ਚਲੇ ਜਾਂਦੇ ਹੋ ਤਾਂ ਉਸ ਦਾ ਕੋਈ ਨੁਕਸਾਨ ਨਹੀਂ। ਸਿੱਖਿਆ ਨਾ ਪ੍ਰਾਪਤ ਕਰਨ ਵਾਲੇ ਦਾ ਨੁਕਸਾਨ ਹੁੰਦਾ ਹੈ।

### ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ

ਜੋ ਜੀਵ ਗੁਰਬਾਣੀ ਤੋਂ ਬੇਮੁੱਖ ਹਨ ਉਹ ਤੁਹਾਨੂੰ ਵੀ ਬੇਮੁਖ ਕਰਨ ਦੀ ਕੋਸ਼ਿਸ਼ ਕਰਦੇ ਹਨ। ਬੇਮੁੱਖ ਜੀਵ ਸਾਕਤ ਹੁੰਦੇ ਹਨ। ਸਾਕਤ ਬਾਰੇ ਗੁਰਬਾਣੀ ਵਿੱਚ ਦਰਜ ਹੈ ਕਿ

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥*
*(ਅੰਗ 1371)*

ਕਾਲੇ ਤਵੇ ਜਾਂ ਕਾਲੀ ਤੌੜੀ ਨੂੰ ਜਦੋਂ ਫੜ ਕੇ ਤੁਰੋਗੇ ਤਾਂ ਉਹ ਹਿੱਲ ਹਿੱਲ ਕੇ ਤੁਹਾਨੂੰ ਵੀ ਕਾਲਾ ਕਰ ਦੇਵੇਗੀ। ਇਸ ਕਰਕੇ ਮਨਮੁੱਖਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ। ਉਹਨਾਂ ਤੋਂ ਦੂਰ ਰਹੋ। ਕਿਉਂਕਿ ਮਨ ਚੰਗੀ ਗੱਲ ਨੂੰ ਚਾਹੇ ਨਾ ਫੜੇ ਪਰ ਮਾੜੀ ਗੱਲ ਨੂੰ ਅਮਲ ਵਿੱਚ ਜਰੂਰ ਲਿਆਉਂਦਾ ਹੈ।

### ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥

ਅਗਰ ਕਿਸੇ ਦਾ ਬੱਚਾ ਅੱਛਾ ਪੜ੍ਹਦਾ ਹੈ ਤਦ ਰਿਸ਼ਤੇਦਾਰ ਉਸ ਨੂੰ ਪੜ੍ਹਦਾ ਦੇਖ ਕੇ ਖੁਸ਼ ਨਹੀਂ ਹੁੰਦੇ। ਸਰੀਕ ਸਿਰੇ ਲਾ ਕੇ ਨਹੀਂ ਢੁੱਕਦਾ ਬਾਕੀ ਸਭ ਕੁਝ ਕਰ ਲੈਂਦਾ ਹੈ। ਉਹ ਕੋਸ਼ਿਸ਼ ਕਰੇਗਾ ਕਿ ਉਹ ਬੱਚਾ ਨਾ ਪੜ੍ਹੇ। ਕੋਈ ਦੋ ਰਿਸ਼ਤੇਦਾਰ ਜਾਂ ਗੁਆਂਢੀ ਸਨ ਉਹਨਾਂ ਦੇ ਬੱਚੇ ਇਕੱਠੇ ਪੜ੍ਹਦੇ ਸਨ। ਇੱਕ ਦਾ ਬੱਚਾ ਆ ਕੇ ਕਹਿਣ ਲੱਗਾ ਭਾਪਾ ਜੀ, ਮੈਂ ਵਧੀਆ ਨੰਬਰ ਲੈ ਕੇ ਪਾਸ ਹੋਇਆ ਹਾਂ। ਮੇਰੇ 92.5% ਨੰਬਰ ਆਏ ਹਨ। ਉਸ ਦਾ ਪਿਤਾ ਪੁੱਛਣ ਲੱਗਾ ਕਿ ਤੇਰੇ ਚਾਚੇ ਦੇ ਮੁੰਡੇ ਦੇ ਕਿੰਨੇ ਨੰਬਰ ਆਏ ਹਨ। ਬੱਚਾ ਕਹਿਣ ਲੱਗਾ ਕਿ ਉਸ ਦੇ 93% ਆਏ ਹਨ। ਉਹ ਬੱਚੇ ਦੇ ਗਲ ਪੈ ਗਿਆ ਕਿ ਤੇਰੇ ਕੋਲੋਂ ਅੱਧਾ ਪ੍ਰਤੀਸ਼ਤ ਹੋਰ ਨਹੀਂ ਲਏ ਜਾਂਦੇ ਸਨ। ਉਸ ਨੂੰ ਬੱਚੇ ਦੇ ਵਧੀਆ ਨੰਬਰ ਭੁੱਲ ਗਏ ਅਤੇ ਅੱਧੇ ਨੰਬਰ ਪਿੱਛੇ ਉਸ ਨੇ ਬੱਚੇ ਨੂੰ ਪੰਜ ਸੱਤ ਗਾਲਾਂ ਕੱਢ ਦਿੱਤੀਆਂ। ਸੋਈ ਜਿੰਨੇ ਵੀ ਰਿਸ਼ਤੇਦਾਰ ਹੁੰਦੇ ਹਨ ਉਹ ਬਾਹਰੋਂ ਚਾਹੇ ਜੋ ਮਰਜੀ ਕਹਿਣ ਪਰ ਅੰਦਰੋਂ ਈਰਖਾ ਦੇ ਭਰੇ ਹੁੰਦੇ ਹਨ। ਕਈ ਜੀਵ ਦੱਸਦੇ ਹੀ ਨਹੀਂ ਹਨ ਕਿ ਬੱਚੇ ਨੇ ਕਿੰਨੇ ਨੰਬਰ ਲਏ ਹਨ। ਉਹ ਕਹਿਣਗੇ ਬੱਸ, ਪਾਸ ਹੋ ਗਿਆ ਹੈ। ਜਿਹੜੀਆਂ ਸਿਆਣੀਆਂ ਬੀਬੀਆਂ ਹੁੰਦੀਆਂ ਹਨ ਉਹ ਸਸਤਾ ਕੱਪੜਾ ਲਿਆ ਕੇ ਮਹਿੰਗਾ ਦੱਸਦੀਆਂ ਹਨ ਅਤੇ ਜੋ ਨਲਾਇਕ ਹੁੰਦੀਆਂ ਹਨ ਮਹਿੰਗਾ ਕੱਪੜਾ ਲਿਆ ਕੇ ਸਸਤਾ ਦੱਸਦੀਆਂ ਹਨ ਤਾਂਕਿ ਕੋਈ ਕਹੇ ਕਿ ਇਹ ਬਹੁਤ ਸੋਹਣਾ

ਕੱਪੜਾ ਖਰੀਦਦੀ ਹੈ। ਸਾਨੂੰ ਦੁਨਿਆਵੀ ਤੌਰ ਤੇ ਇਹਨਾਂ ਗੱਲਾਂ ਦੀ ਘੋਖ ਅਤੇ ਵੀਚਾਰ ਕਰਨੀ ਚਾਹੀਦੀ ਹੈ ਅਤੇ ਗੁਰਬਾਣੀ ਉੱਪਰ ਵੀ ਵੀਚਾਰ ਕਰਨੀ ਚਾਹੀਦੀ ਹੈ।

*ਸਿਖੀ ਸਿਖਿਆ ਗੁਰ ਵੀਚਾਰਿ॥ (ਅੰਗ 465)*

ਫੇਰ ਬਖਸ਼ਿਸ਼ ਹੋਵੇਗੀ।

**ਹਲਤੁ ਪਲਤੁ ਦੋਵੈ ਗਏ**
**ਨਿਤ ਭੁਖਾ ਕੂਕੇ ਤਿਹਾਇਆ॥**

ਜਦੋਂ ਜੀਵ ਗੁਰਬਾਣੀ ਵੱਲ ਨਹੀਂ ਤੁਰਦਾ ਉਸ ਦੇ ਹਲਤ ਅਤੇ ਪਲਤ ਦੋਵੇਂ ਜਾਂਦੇ ਰਹਿੰਦੇ ਹਨ। ਉਹ ਭੁਖਾ ਤਿਹਾਇਆ ਚੀਕਾਂ ਮਾਰਦਾ ਹੈ।

**ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ**

ਹਜ਼ੂਰ ਫੁਰਮਾਉਂਦੇ ਹਨ ਕਿ ਉਹ ਕਰਤਾ ਪੁਰਖ ਅਤੇ ਸੁਆਮੀ ਧੰਨ ਹੈ।

*ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ॥*
*(ਵਾਰ ੧ ਪਉੜੀ ੪੭)*

ਜਿਹਨਾਂ ਦਾ ਕੋਈ ਥਾਂ ਨਹੀਂ ਸੀ। ਚਾਚਿਆਂ ਤਾਇਆ ਅਤੇ ਨਾਨਕਿਆਂ ਨੇ ਵੀ ਕੰਮ ਕਰਨ ਲਈ ਭੇਜ ਦਿੱਤਾ ਸੀ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਸੰਗਤ ਵਿੱਚ ਆਏ ਤਾਂ ਉਹਨਾਂ ਨੇ ਨਿਥਾਂਵੇਂ ਨੂੰ ਥਾਂ ਬਖਸ਼ ਦਿੱਤੀ। ਉੱਥੇ ਹੀ ਆਪ ਨੇ ਸੇਵਾ ਪਦ, ਜਵਾਈ ਪਦ ਪ੍ਰਾਪਤ ਕੀਤਾ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਇੱਕ ਦਿਨ ਥੜ੍ਹੇ ਬਣਾਉਣ ਦੀ ਸੇਵਾ ਲਾ ਦਿੱਤੀ। ਹਜ਼ੂਰ ਬਾਰ-ਬਾਰ ਥੜ੍ਹੇ ਬਣਵਾ ਕੇ ਢਹਾਈ ਜਾਣ ਤਾਂ ਸਾਰੀ ਸੰਗਤ ਚਲੀ ਗਈ ਕਿ ਹਜ਼ੂਰ ਸੱਤਰੇ-ਬਹੱਤਰੇ ਗਏ ਹਨ। ਪਰ ਆਪ ਥੜ੍ਹੇ ਬਣਾਉਂਦੇ ਰਹੇ। ਤਦ ਹਜ਼ੂਰ ਆ ਕੇ ਕਹਿਣ ਲੱਗੇ ਪੁੱਤਰ! ਸਾਰੀ ਸੰਗਤ ਚਲੀ ਗਈ ਹੈ ਤੂੰ ਵੀ ਚਲੇ ਜਾਣਾ ਸੀ। ਆਪ ਨੇ ਬੇਨਤੀ ਕੀਤੀ ਹਜ਼ੂਰ! ਜਿਸ ਦੀ ਕੋਈ ਥਾਂ ਸੀ, ਧਿਰ ਸੀ, ਆਸਰਾ ਸੀ ਉਹ ਚਲਾ ਗਿਆ। ਮੇਰੀ ਤੁਹਾਡੇ ਬਿਨਾਂ ਕੋਈ ਥਾਂ, ਆਸਰਾ ਜਾਂ ਧਿਰ ਨਹੀਂ ਹੈ ਮੈਂ ਕਿੱਥੇ ਜਾਣਾ ਸੀ? ਤਦ ਹਜ਼ੂਰ ਨੇ ਉਸੇ ਥੜ੍ਹੇ ਉੱਪਰ ਬਿਠਾ ਕੇ ਗੁਰਗੱਦੀ ਬਖਸ਼ ਦਿੱਤੀ। ਇਸ ਤਰ੍ਹਾਂ ਆਪ ਨੇ ਗੁਰਿਆਈ ਪਦ ਵੀ ਉੱਥੇ ਹੀ ਪ੍ਰਾਪਤ ਕੀਤਾ। ਹੁਣ ਸੰਗਤ ਸ਼ਬਦ ਬੋਲਦੀ ਹੈ ਕਿ

*ਧੰਨੁ ਧੰਨੁ ਰਾਮਦਾਸ ਗੁਰੁ*
*ਜਿਨਿ ਸਿਰਿਆ ਤਿਨੈ ਸਵਾਰਿਆ॥ (ਅੰਗ 968)*

ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ ਬੜੇ ਵਧੀਆ ਤਰੀਕੇ ਨਾਲ ਕੀਤੀ। ਜਿਸ ਬਾਰੇ ਗੁਰਬਾਣੀ ਵਿੱਚ ਦਰਜ ਹੈ ਕਿ

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ (ਅੰਗ 1362)*

ਤਥਾ

*ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ॥*
*(ਅੰਗ 1098)*

ਸੋਈ ਧੰਨ ਗੁਰੂ ਰਾਮਦਾਸ ਜੀ ਸਨ ਜਿਹਨਾਂ ਨੂੰ ਐਨੇ ਤਾਹਨੇ-ਮਿਹਣੇ ਵੱਜੇ ਪਰ ਅੱਜ ਦੁਨੀਆਂ ਵਿੱਚ ਉਹਨਾਂ ਦੀ ਜੈ-ਜੈਕਾਰ ਹੈ। ਉਹਨਾਂ ਦੁਆਰਾ ਬਣਾਏ ਹੋਏ ਸਥਾਨ ਦੇ ਦਰਸ਼ਨ ਕਰਨ ਲਈ ਦੇਸ਼ ਵਿਦੇਸ਼ ਤੋਂ ਹਰ ਧਰਮਾਂ ਦੇ ਲੋਕ ਆਉਂਦੇ ਹਨ।

ਹਜ਼ੂਰ ਫੁਰਮਾਉਂਦੇ ਹਨ ਕਿ ਧੰਨ ਉਹ ਤਾਕਤਾਂ ਹੁੰਦੀਆਂ ਹਨ ਜਿਹਨਾਂ ਨੂੰ ਲੋਕ ਤਾਹਨੇ-ਮਿਹਣੇ ਦਿੰਦੇ ਹਨ ਪਰ ਉਹ ਮਾਲਿਕ ਦੇ ਭਾਣੇ ਵਿੱਚ ਰਹਿ ਕੇ ਸਭ ਕੁਝ ਸੁਣ ਕੇ ਵੀ ਸੰਤੁਸ਼ਟ ਰਹਿੰਦੇ ਹਨ।

**ਜਿਨ ਨਿਆਉ ਸਚੁ ਬਹਿ ਆਪਿ ਕਰਾਇਆ॥**

ਉਹ ਤਾਕਤਾਂ ਨਿਆਂ ਕਰਦੀਆਂ ਹਨ। ਉਹ ਗਲਤ ਨੂੰ ਗਲਤ ਅਤੇ ਠੀਕ ਨੂੰ ਠੀਕ ਕਹਿੰਦੇ ਹਨ। ਜਿਹੜਾ ਪੱਖਪਾਤ ਕਰਦਾ ਹੈ ਉਹ ਸਾਧੂ-ਸੰਤ ਨਹੀਂ ਹੈ।

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ**
**ਸਾਚੈ ਮਾਰਿ ਪਚਾਇਆ॥**

ਪਰ ਜਿਹੜੇ ਜੀਵ ਪੂਰਨ ਸਾਧੂਆਂ ਦੀ ਨਿੰਦਿਆ ਕਰਦੇ ਹਨ ਉਹਨਾਂ ਕੋਲੋਂ ਨਿੰਦਿਆ ਨਾ ਸੁਣੋ। ਉੱਥੋਂ ਉੱਠ ਕੇ ਪਰ੍ਹਾਂ ਚਲੇ ਜਾਵੋ ਕਿਉਂਕਿ ਨਿੰਦਿਆ ਸੁਣਨ ਨਾਲ ਨੁਕਸਾਨ ਹੁੰਦਾ ਹੈ। ਜੀਵ ਨੂੰ ਨਾ ਹੀ ਨਿੰਦਿਆ ਕਰਨੀ ਚਾਹੀਦੀ ਹੈ ਅਤੇ ਨਾ ਹੀ ਨਿੰਦਿਆ ਸੁਣਨੀ ਚਾਹੀਦੀ ਹੈ। ਹਜ਼ੂਰ ਕਬੀਰ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ ਕਿ

*ਰਿਦੈ ਸੁਧੁ ਜਉ ਨਿੰਦਾ ਹੋਇ॥*
*ਹਮਰੇ ਕਪਰੇ ਨਿੰਦਕੁ ਧੋਇ॥੧॥ (ਅੰਗ 339)*

ਤਥਾ

*ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ॥*
*ਨਿੰਦਾ ਜਨ ਕਉ ਖਰੀ ਪਿਆਰੀ॥*
*ਨਿੰਦਾ ਬਾਪੁ ਨਿੰਦਾ ਮਹਤਾਰੀ॥ ੧॥ (ਅੰਗ 339)*

ਤਥਾ

*ਨਿੰਦਕ ਹਮਰਾ ਨ ਮਰੇ ਜੀਵੇ ਆਦਿ ਜੁਗਾਦਿ॥*
*ਹਮਨੇ ਸਤਿਗੁਰ ਪਾਇਆ ਨਿੰਦਕ ਕੈ ਪਰਤਾਪਿ॥*

ਤਥਾ

*ਨਿੰਦਕ ਕੋ ਹਮ ਨੇਰੈ ਰਾਖੈ ਨਿੰਦਕੁ ਗੁਰੂ ਹਮਾਰਾ।*

ਅਗਰ ਕੋਈ ਤੁਹਾਡੀ ਨਿੰਦਿਆ ਕਰਦਾ ਹੈ ਤਦ ਸਮਝੋ ਕਿ ਉਹ ਤੁਹਾਡੀ ਮੈਲ ਧੋ ਰਿਹਾ ਹੈ। ਪਰ ਇਹ ਕਹਿਣਾ ਸੌਖਾ ਹੈ ਅਤੇ ਨਿੰਦਿਆ ਕਰਵਾਉਣੀ ਬਹੁਤ ਮੁਸ਼ਕਲ ਹੈ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜਾ ਜੀਵ ਨਿੰਦਿਆ ਕਰਦਾ ਹੈ ਉਸ ਦੇ ਕੋਲ ਖਲੋਣਾ ਜਾਂ ਬੈਠਣਾ ਨਹੀਂ ਚਾਹੀਦਾ।

ਉਸ ਜੀਵ ਨੂੰ ਕਹਿ ਦੇਵੋ ਕਿ ਹੋਰ ਜੋ ਮਰਜੀ ਕਰ ਪਰ ਕਿਸੇ ਦੀ ਨਿੰਦਿਆ ਨਾ ਕਰ।

**ਏਹੁ ਅਖਰੁ ਤਿਨਿ ਆਖਿਆ**

**ਜਿਨਿ ਜਗਤੁ ਸਭੁ ਉਪਾਇਆ॥੧॥**

ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਮੈਂ ਇਹ ਸ਼ਬਦ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਬੋਲਿਆ ਹੈ ਜਿਹਨਾਂ ਨੇ ਸਾਰੀ ਦੁਨੀਆਂ ਦੀ ਰਚਨਾ ਕੀਤੀ ਹੈ। ਇਹ ਗੁਰਬਾਣੀ ਸਾਰੀ ਦੁਨੀਆਂ ਵਾਸਤੇ ਸਾਂਝੀ ਹੈ ਕਿਸੇ ਖਾਸ ਜਾਤ, ਬਰਾਦਰੀ ਜਾਂ ਮਜਹਬ ਵਾਸਤੇ ਨਹੀਂ ਹੈ। ਇਸ ਕਰਕੇ ਸਾਰਿਆਂ ਨੂੰ ਇਸ ਉੱਪਰ ਅਮਲ ਕਰਨਾ ਚਾਹੀਦਾ ਹੈ।

**॥ਮ: ੪॥**

**ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ**

**ਤਿਸ ਕਾ ਨਫਰੁ ਕਿਥਹੁ ਰਜਿ ਖਾਏ॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਕਿਸੇ ਸਾਧੂ ਕੋਲ ਆਪਣੇ ਕੋਲ ਕੁਝ ਨਹੀਂ ਹੈ ਉਸ ਦੀ ਸੰਗਤ ਕਿਵੇਂ ਅਤੇ ਕਿਥੋਂ ਦਾਤ ਪ੍ਰਾਪਤ ਕਰ ਸਕਦੀ ਹੈ? ਜੀਵ ਨੂੰ ਸਭ ਤੋਂ ਪਹਿਲੀ ਬੇਨਤੀ ਇਹ ਕਰਨੀ ਚਾਹੀਦੀ ਹੈ ਕਿ ਸਤਿਗੁਰੂ!

*ਸੇਈ ਪਿਆਰਿਆਂ ਮੇਲ*

*ਜਿਹਨਾਂ ਦੇ ਮਿਲਿਆਂ ਤੇਰਾ ਨਾਮ ਚਿਤ ਆਵਹਿ*

*ਚਿਤ ਆਵਣ ਕਾ ਸਦਕਾ ਸਰਬ ਸੁਖ ਹੋਵਹਿ?*

ਫੇਰ ਇਹ ਬੇਨਤੀ ਕਰੋ ਕਿ

*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*

*ਜਿਸ ਕਾ ਨਿਹਚਲ ਧਾਮ॥ ੧॥ (ਅੰਗ 133)*

ਮੈਨੂੰ ਐਸੇ ਸਾਧੂ ਦਾ ਮਿਲਾਪ ਕਰਾਵੋ ਜੋ ਮਾਲਿਕ ਨਾਲ ਜੁੜਿਆ ਹੈ। ਜਿਸ ਦਾ ਸਾਧੂ ਨੰਗਾ ਭੁੱਖਾ ਹੈ ਉਸ ਦੀ ਸੰਗਤ ਉੱਪਰ ਬਖਸ਼ਿ ਕਿੱਦਾਂ ਹੋਵੇਗੀ? ਫੇਰ ਜੀਵ ਨੂੰ ਇਹ ਕਿਵੇਂ ਪਤਾ ਚੱਲੇ ਕਿਹੜਾ ਸਾਧੂ ਭਗਤੀ ਮਾਰਗ ਵਿੱਚ ਪੂਰਾ ਹੈ? ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ਣ।

**ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ**

ਹੁਣ ਜਿਸ ਘਰ ਅਸੀਂ ਜਾਂਦੇ ਹਾਂ ਉਥੇ ਅਗਰ ਫੁਲਕਾ ਪੱਕ ਰਿਹਾ ਹੈ ਵਧੀਆ ਖਾਣੇ ਬਣ ਰਹੇ ਹਨ ਤਦ ਸਾਨੂੰ ਵੀ ਖਾਣ ਵਾਸਤੇ ਵਧੀਆ ਹੀ ਮਿਲੇਗਾ। ਅਗਰ ਨਹੀਂ ਤਾਂ ਫੇਰ ਜਿਵੇਂ ਚਮਗਿੱਦੜਾਂ ਦੇ ਘਰ ਪ੍ਰਾਹੁਣੇ ਗਏ ਅਤੇ ਪੁੱਛਣ ਲੱਗੇ ਕਿੱਥੇ ਸੌਣਾ ਹੈ? ਚਮਗਿੱਦੜ ਕਹਿਣ ਲੱਗੇ ਇੱਕ ਟਹਿਣੀ ਨੂੰ ਅਸੀਂ ਚੰਬੜੇ ਹੋਏ ਹਾਂ ਦੂਸਰੀ ਨੂੰ ਤੁਸੀਂ ਚੰਬੜ ਜਾਵੋ। ਸੋਈ ਜਿਸ ਕੋਲ ਆਪਣੇ ਕੋਲ ਕੁਝ ਨਹੀਂ ਹੈ ਉਹ ਤੁਹਾਨੂੰ ਕਿੱਥੋ ਦੇਵੇਗਾ।

**ਅਣਹੋਦੀ ਕਿਥਹੁ ਪਾਏ॥**

ਤੁਸੀਂ ਉਸ ਉੱਪਰ ਗਿਲਾ ਤਦ ਹੀ ਕਰੋਗੇ ਅਗਰ ਉਹ ਆਪ ਚੰਗਾ ਖਾਂਦਾ ਹੋਵੇ ਅਤੇ ਤੁਹਾਨੂੰ ਨਾ ਦੇਵੇ। ਪਰ ਜਿਸ ਦੇ ਆਪਣੇ ਕੋਲ ਕੁਝ ਨਹੀਂ ਹੈ ਉਹ ਅਣਹੋਂਦੀ ਕਿੱਥੋ ਕਰੇਗਾ, ਤੁਹਾਨੂੰ ਕਿਵੇਂ ਦੇਵੇਗਾ? ਸੋਈ

*ਜਿਸ ਦਾ ਸਾਹਿਬੁ ਡਾਢਾ ਹੋਇ॥*

*ਤਿਸ ਨੋ ਮਾਰਿ ਨ ਸਾਕੈ ਕੋਇ॥ (ਅੰਗ 842)*

ਜਿਸ ਦਾ ਸਾਹਿਬ ਸਮੱਰਥ ਹੈ ਉਸ ਦਾ ਕੋਈ ਵੀ ਕੁਝ ਵਿਗਾੜ ਨਹੀਂ ਸਕਦਾ।

**ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ**

ਜਿਹੜਾ ਜੀਵ ਭਗਤੀ ਮਾਰਗ ਵਿੱਚ ਆ ਕੇ ਪੂਰਨ ਸਾਧੂਆਂ ਦੀ ਸੇਵਾ ਕਰਦਾ ਹੈ ਧਰਮਰਾਜ ਉਸ ਦਾ ਲੇਖਾ ਨਹੀਂ ਮੰਗਦਾ। ਕਿਉਂਕਿ

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥*
*(ਅੰਗ 644)*

ਸੇਵਾ ਕੀਤੀ ਕਦੇ ਵੀ ਬਿਰਥਾ ਨਹੀਂ ਜਾਂਦੀ।

*ਕਰਮ ਬਿਰਥਾ ਜਾਇ ਪਰ ਵਾਹ ਬਿਰਥਾ ਨਾ ਜਾਏ।*

ਬੰਦਗੀ ਕੀਤੀ, ਸਿਮਰਨ ਕੀਤਾ ਬਿਰਥਾ ਨਹੀਂ ਜਾ ਸਕਦਾ। ਜੀਵ ਦਾ ਕਰਮ ਚਾਹੇ ਕਿੰਨਾ ਵੀ ਮਾੜਾ ਹੋਵੇ ਉਹ ਠੀਕ ਹੋ ਸਕਦਾ ਹੈ। ਇਸੇ ਤਰ੍ਹਾਂ ਸੇਵਾ ਕੀਤੀ ਵੀ ਬਿਰਥਾ ਨਹੀਂ ਜਾਂਦੀ।

**ਸਾ ਸੇਵਾ ਅਉਖੀ ਹੋਈ॥**

ਪਰ ਉਹ ਸੇਵਾ ਕਰਨੀ ਬਹੁਤ ਔਖੀ ਹੈ।

*ਮਾਰੋ ਮਾਰ ਚਹੁੰ ਦਿਸ ਹੋਇ।*

*ਤਉ ਲਾਲਨ ਕੀ ਮਹਿਰਮ ਜੋਈ।*

*ਕਾਲਾ ਮੁਖ ਮਨ ਮੌਜ ਉਡਾਵੇ,*

*ਤਉ ਲਾਲਨ ਕੀ ਲਾਲੀ ਪਾਵਹਿ।*

ਸੋਨਾ ਇਕ ਵਾਰ ਅੱਗ ਵਿੱਚ ਪੈ ਕੇ ਕਾਲਾ ਹੋ ਜਾਂਦਾ ਹੈ ਫੇਰ ਚਮਕਦਾ ਹੈ

*ਇਨਸਾਨ ਬਨਤਾ ਠੋਕਰ ਖਾਨੇ ਕੇ ਬਾਦ।*

*ਸੋਨਾ ਬਨਤਾ ਹੈ ਪਥਰ ਪੇ ਘਿਸ ਜਾਨੇ ਕੇ ਬਾਦ।*

ਸੋਈ ਜਿਸ ਨੇ ਵੀ ਬਖਸ਼ਿਸ਼ ਪ੍ਰਾਪਤ ਕੀਤੀ ਹੈ ਉਸ ਦੀ ਤੋਏ-ਤੋਏ ਬਹੁਤ ਹੋਈ ਹੈ। ਸੂਫ਼ੀ ਫਕੀਰਾਂ ਨੇ ਲਿਖਿਆ ਹੈ ਕਿ

*ਮਿਟਾ ਦੇ ਅਪਨੀ ਹਸਤੀ ਕੋ*

*ਅਗਰ ਕੁਛ ਮਰਤਬਾ ਚਾਹੇ।*

*ਕਿ ਦਾਨਾ ਖਾਕ ਮੇਂ ਮਿਲ ਕਰ*

*ਗੁਲ-ਏ-ਗੁਲਜ਼ਾਰ ਹੋਤਾ ਹੈ।*

ਜਿਹੜਾ ਦਾਨਾ ਮਿੱਟੀ ਵਿੱਚ ਰਲ ਜਾਂਦਾ ਹੈ ਉਹ ਪੌਦਾ ਬਣਦਾ

ਹੈ ਜੋ ਦਾਣਾ ਬਾਹਰ ਪਿਆ ਰਹਿੰਦਾ ਹੈ ਉਸ ਨੂੰ ਜਾਂ ਤਾਂ ਜਾਨਵਰ ਖਾ ਜਾਂਦੇ ਹਨ ਜਾਂ ਉਹ ਗਲ ਸੜ ਜਾਂਦਾ ਹੈ।

**ਨਾਨਕ ਸੇਵਾ ਕਰਹੁ ਹਰਿ ਗੁਰ ਸਫਲ**
**ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ॥** ੨॥

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਸੇਵਾ ਕਰਨੀ ਹੈ ਤਾਂ ਸਿਮਰਨ ਕਰੋ ਕਿਉਂਕਿ ਇੱਕ ਨੰਬਰ 'ਤੇ ਸੇਵਾ ਸਿਮਰਨ ਕਰਨ ਦੀ ਹੈ। ਦੋ ਨੰਬਰ ਤੇ ਤਨ ਦੀ ਸੇਵਾ ਹੈ। ਤਿੰਨ ਨੰਬਰ 'ਤੇ ਧਨ ਦੀ ਸੇਵਾ ਹੈ।

ਹੁਣ ਬੀ.ਪੀ. ਅਪਰੇਟਸ ਹੈ ਜਾਂ ਬੁਖਾਰ ਚੈੱਕ ਕਰਨ ਵਾਸਤੇ ਥਰਮਾਮੀਟਰ ਹਨ। ਪਰ ਭਗਤੀ ਦਾ ਕਿਹੜਾ ਥਰਮਾਮੀਟਰ ਹੈ ਜਿਸ ਨਾਲ ਪਤਾ ਚੱਲ ਸਕੇ ਕਿ ਮੇਰਾ ਸਿਮਰਨ ਕੀਤਾ, ਪਾਠ, ਭਗਤੀ, ਬੰਦਗੀ ਕੀਤੀ ਸਫਲ ਹੋ ਰਹੀ ਹੈ ਜਾਂ ਨਹੀਂ। ਅਗਰ ਤੁਹਾਨੂੰ ਪਹਿਲਾਂ ਸੁਪਨੇ ਵਿੱਚ ਦਰਸ਼ਨ ਹੋਣ, ਫੇਰ ਸਿਮਰਨ ਕਰਦਿਆਂ ਹੋਣ, ਫੇਰ ਸਾਖਿਆਤ ਪਾਤਿਸ਼ਾਹੀਆਂ ਦੇ ਅਤੇ ਆਪਣੇ ਸੰਤਾਂ ਦੇ ਦਰਸ਼ਨ ਹੋਣ ਤਦ ਸਮਝੋ ਕਿ ਤੁਹਾਡੀ ਸੇਵਾ ਸਫਲ ਹੋ ਗਈ ਹੈ। ਮਾਲਿਕ ਨੇ ਸੇਵਾ ਮਨਜ਼ੂਰ ਕਰ ਲਈ ਹੈ। ਇਸੇ ਨੂੰ ਬੀ.ਪੀ. ਅਪਰੇਟਸ ਜਾਂ ਥਰਮਾਮੀਟਰ ਸਮਝ ਲਵੋ। ਅਗਰ ਮਾਲਿਕ ਸੁਪਨੇ ਵਿੱਚ ਆ ਕੇ ਦਰਸ਼ਨ ਦਿੰਦੇ ਹਨ, ਪਿਆਰ ਕਰਦੇ ਹਨ ਤਦ ਉਹ ਬਹੁਤ ਹੀ ਉੱਚੀ ਸੁਚੀ ਸੁਰਤ ਅਤੇ ਭਾਗਾਂ ਵਾਲਾ ਜੀਵ ਹੈ।

ਸੋਈ ਹਜ਼ੂਰ ਕਿਰਪਾ ਕਰਨ। ਜਿਹਨਾਂ ਨੇ ਬੱਚਿਆਂ ਲਈ ਅਰਦਾਸਾਂ ਕਰਵਾਈਆਂ ਹਨ ਉਹ ਸਿਮਰਨ ਕਰਨ। ਪਹਿਲਾਂ ਜੋ ਗਲਤੀਆਂ ਕਰਦੇ ਆਏ ਹਨ ਉਹ ਗਲਤੀਆਂ ਅਗਾਂਹ ਨਾ ਕਰਨ। ਫੇਰ ਜੋ ਗੁਰਬਾਣੀ ਵਿੱਚ ਦਰਜ ਹੈ ਕਿ

*ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ॥*
*ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ॥ ੧॥*
*ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥*
*ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥ ੧॥*
*(ਅੰਗ 816)*

ਤਥਾ

*ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥*
*ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥੩॥*
*(ਅੰਗ 816)*

ਜਿਹੜਾ ਸਰੂਪ ਦਰਸ਼ਨ ਦਿੰਦਾ ਹੈ ਉਹ ਸੰਤਾਂ ਦਾ ਹੁੰਦਾ ਹੈ। ਜਿੰਨੀ ਵੀ ਸੰਗਤ ਸਤਿਸੰਗ ਸੁਣ ਰਹੀ ਹੈ ਸ਼ਾਇਦ ਹੀ ਕੋਈ ਐਸਾ ਜੀਵ ਹੋਵੇਗਾ ਜਿਸ ਨੂੰ ਦਰਸ਼ਨ ਨਾ ਹੋਏ ਹੋਣ। ਸਭ ਨੂੰ ਦਰਸ਼ਨ ਹੁੰਦੇ ਹਨ ਪਰ ਸੰਤੁਸ਼ਟੀ ਕਿਸੇ ਨੂੰ ਵੀ ਨਹੀਂ ਆਉਂਦੀ ਅਤੇ ਫੇਰ ਸ਼ੱਕ ਕਰੀ ਜਾਂਦੇ ਹਨ। ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਨੂੰ ਦਰਸ਼ਨ ਹੋ ਜਾਣ ਉਸ ਦੀ ਕਮਾਈ ਸਫਲ ਹੋ ਜਾਂਦੀ ਹੈ ਅਤੇ ਉਹ ਭਾਗਾਂ ਵਾਲਾ ਹੈ।

ਹਜ਼ੂਰ ਕਿਰਪਾ ਕਰਨ। ਜਿਹੜੇ ਪਰਿਵਾਰਾਂ ਨੇ ਪੁੱਤਰ ਵਾਸਤੇ ਬੇਨਤੀ ਕੀਤੀ ਹੈ ਉਹਨਾਂ ਨੂੰ ਪੁੱਤਰ ਬਖਸ਼ਣ। ਜਿਹਨਾਂ ਨੇ ਪੋਤਰਿਆਂ ਵਾਸਤੇ ਬੇਨਤੀ ਕੀਤੀ ਹੈ ਉਹਨਾਂ ਨੂੰ ਪੋਤਰੇ ਬਖਸ਼ਣ ਅਤੇ ਜਿਹਨਾਂ ਨੇ ਦੋਹਤਰਿਆਂ ਵਾਸਤੇ ਬੇਨਤੀ ਕੀਤੀ ਹੈ ਉਹਨਾਂ ਨੂੰ ਦੋਹਤਰੇ ਬਖਸ਼ਣ। ਜਿਸ ਤਰ੍ਹਾਂ ਬੀਬੀ ਸੁਲੱਖਣੀ ਦੇ ਕਰਮਾਂ ਵਿੱਚ ਇੱਕ ਪੁੱਤਰ ਵੀ ਨਹੀਂ ਸੀ ਪਰ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਸੱਤ ਪੁੱਤਰ ਬਖਸ਼ ਦਿੱਤੇ ਸਨ। ਅਸੀਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਹਜ਼ੂਰ! ਇਕ-ਇੱਕ ਪੁੱਤਰ ਸਭ ਨੂੰ ਜਰੂਰ ਹੀ ਬਖਸ਼ੋ ਤਾਂਕਿ ਉਹਨਾਂ ਦੀ ਲੜਕੀਆਂ ਭਰਾਵਾਂ ਨੂੰ ਰੱਖੜੀ ਬੰਨ੍ਹ ਸਕਣ ਅਤੇ ਤੁਹਾਡੇ ਹੀ ਬਚਨ ਹਨ ਕਿ

*ਪੁੰਤੀ ਗੰਢੁ ਪਵੈ ਸੰਸਾਰਿ॥ (ਅੰਗ 143)*

ਪੁੱਤਰਾਂ ਨਾਲ ਸਰਨੇਮ ਅਤੇ ਅਣਸ-ਬੰਸ ਚੱਲਦੀ ਹੈ। ਹਜ਼ੂਰ! ਅਗਰ ਭਾਗਾਂ ਵਿੱਚ ਨਹੀਂ ਵੀ ਹੈ ਤਦ ਵੀ ਹਜ਼ੂਰ ਜਰੂਰ ਬਖਸ਼ ਦਿਓ। ਹਜ਼ੂਰ ਸਾਡੀ ਇਹ ਬੇਨਤੀ ਅਤੇ ਫਰਿਆਦ ਕਬੂਲ ਕਰ ਲੈਣ।

# ਸਤਿਸੰਗ

**॥ ਸੋਰਠਿ ਮਹਲਾ ੫॥** **(ਅੰਗ 628)**

**ਗੁਰਿ ਪੂਰੈ ਪੂਰੀ ਕੀਨੀ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਨੂੰ ਦਿਲਾਸਾ ਦੇ ਰਹੇ ਹਨ ਕਿ ਐ ਦੁਨੀਆਂ ਵਾਲਿਓ! ਅਗਰ ਤੁਸੀਂ ਗੁਰ ਦੀ ਸਿੱਖਿਆ ਉੱਪਰ ਚੱਲੋਗੇ ਤਾਂ ਗੁਰਬਾਣੀ ਪੂਰੀ ਅਤੇ ਸਮਰੱਥ ਹੈ। ਉਹ ਤੁਹਾਡੀਆਂ ਅਰਦਾਸਾਂ ਅਤੇ ਫਰਿਆਦਾਂ ਸੁਣ ਕੇ ਤੁਹਾਡੀ ਪੁੱਤਰਾਂ, ਪੋਤਰਿਆਂ ਅਤੇ ਦੋਹਤਰਿਆਂ ਲਈ ਕੀਤੀਆਂ ਅਰਦਾਸਾਂ ਨੂੰ ਪੂਰਾ ਕਰਨਗੇ। ਪਹਿਲਾਂ ਵੀ ਉਹੋ ਹੀ ਅਰਦਾਸਾਂ ਪੂਰੀਆਂ ਕਰਦੇ ਆਏ ਹਨ ਅਤੇ ਅਗਾਂਹ ਵੀ ਕਰਨਗੇ ਪਰ ਸ਼ੰਕਾ ਨਾ ਕਰਿਓ। ਹਮੇਸ਼ਾਂ ਇਹੋ ਸੋਚਣਾ ਕਿ ਅਸੀਂ ਅਰਦਾਸ ਕਰਵਾ ਦਿੱਤੀ ਹੈ ਹਜ਼ੂਰ ਨੇ ਸਾਡੀ ਅਰਦਾਸ ਪੂਰੀ ਕਰਨੀ ਹੀ ਹੈ ਕਿਉਂਕਿ ਮਾਲਿਕ ਜੋ ਬਚਨ ਦਿੰਦੇ ਹਨ ਉਹ ਨਿਭਾਉਂਦੇ ਹਨ।

**ਬਖਸ਼ ਅਪੁਨੀ ਕਰਿ ਦੀਨੀ॥**

ਸਾਡੇ ਕਰਮਾਂ ਵਿੱਚ ਜੋ ਨਹੀਂ ਵੀ ਹੁੰਦਾ ਹੈ ਉਹ ਬਖਸ਼ਿਸ਼ ਨਾਲ ਦੇ ਦਿੰਦੇ ਹਨ। ਸੂਫ਼ੀ ਫਕੀਰਾਂ ਨੇ ਲਿਖਿਆ ਹੈ ਕਿ

*ਗਰ ਤੂੰ ਮੁਝੇ ਨਿਵਾਜੇ ਤੇਰਾ ਕਰਮ ਹੈ*
*ਵਰਨਾ ਤੇਰੀ ਰਹਿਮਤੋਂ ਕਾ ਬਦਲਾ*
*ਮੇਰੀ ਬੰਦਗੀ ਨਹੀਂ ਹੈ।*

ਸੱਚੇ ਪਾਤਿਸ਼ਾਹੋ! ਮੇਰੀ ਬੰਦਗੀ ਸਦਕਾ ਮੈਂ ਕੁਝ ਨਹੀਂ ਲੈ ਸਕਦਾ। ਤੁਹਾਡੀ ਕਿਰਪਾ ਅਤੇ ਬਖਸ਼ਿਸ਼ ਸਦਕਾ ਮੇਰੇ ਉੱਪਰ ਬਖਸ਼ਿਸ਼ ਹੋਈ ਹੈ ਇੱਦਾਂ ਹੀ ਰਹਿਮਤ ਕਰਦੇ ਰਹਿਓ।

**ਨਿਤ ਅਨੰਦ ਸੁਖ ਪਾਇਆ॥**

ਜੋ ਵੀ ਪ੍ਰਾਣੀ ਗੁਰਬਾਣੀ ਵੱਲ ਤੁਰਦਾ ਹੈ ਉਸ ਨੂੰ ਇੱਕ ਪੁੱਤਰ, ਪੋਤਰਾ. ਦੋਹਤਰਾ ਤਾਂ ਕੀ ਸਭ ਪੱਖੋਂ ਖੁਸ਼ੀਆਂ ਅਤੇ ਖੇੜੇ ਉਸ ਦੇ ਘਰ ਵਿੱਚ ਆਉਂਦੇ ਹਨ ਉਸ ਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

**ਥਾਵ ਸਗਲੇ ਸੁਖੀ ਵਸਾਇਆ॥ ੧॥**

ਜਿੰਨੇ ਵੀ ਥਾਂ ਹਨ ਤੁਸੀਂ ਇੱਥੇ ਆਏ ਹੋ ਪਿੱਛੇ ਤੁਹਾਡੇ ਘਰਾਂ ਵਿੱਚ ਵੀ, ਮਰਨ ਤੋਂ ਬਾਦ ਵੀ ਅਰਥਾਤ ਲੋਕ ਅਤੇ ਪ੍ਰਲੋਕ ਵਿੱਚ ਹਜ਼ੂਰ ਖੁਸ਼ੀਆਂ, ਖੇੜੇ ਅਤੇ ਸੁਖ ਬਖਸ਼ਦੇ ਹਨ।

**ਹਰਿ ਕੀ ਭਗਤਿ ਫਲ ਦਾਤੀ॥**

ਜੋ ਵੀ ਜੀਵ ਹਰੀ ਦੀ ਭਗਤੀ ਕਰਦਾ ਹੈ ਉਸ ਨੂੰ ਫਲ ਜਰੂਰ ਪ੍ਰਾਪਤ ਹੁੰਦਾ ਹੈ। ਹਜ਼ੂਰ ਉਸ ਨੂੰ ਦਾਤਾਂ ਅਤੇ ਮਿੱਠੇ ਮੇਵੇ ਪੁੱਤਰ ਬਖਸ਼ਦੇ ਹਨ ਇਹ ਵੀ ਇੱਕ ਫਲ ਹਨ। ਜਿਹਨਾਂ ਨੇ ਅਰਦਾਸ ਕਰਵਾਈ ਹੈ ਉਹਨਾਂ ਨੂੰ ਫਲ ਪ੍ਰਸ਼ਾਦ ਵਜੋਂ ਦਿੱਤਾ ਜਾਂਦਾ ਹੈ ਕਿ ਤੁਸੀਂ ਇਹ ਫਲ ਖਾ ਲਵੋ ਮਾਲਿਕ ਤੁਹਾਡੇ ਉੱਪਰ ਕਿਰਪਾ ਕਰਨਗੇ।

ਹੁਣ ਅਗਰ ਕਿਸੇ ਲੜਕੀ ਦਾ ਪਤੀ ਇੱਥੇ ਨਹੀਂ ਹੈ ਜਾਂ ਹੋਰ ਜਿਹਨਾਂ ਨੇ ਵੀ ਸਤਿਸੰਗ ਕਰਵਾਏ ਹਨ ਉਹ ਫਲ ਖਰਾਬ ਨਾ ਕਰਿਓ ਚਾਹੇ ਆਪ ਹੀ ਖਾ ਲਇਓ। ਕੋਸ਼ਿਸ਼ ਕਰਨੀ ਕਿ ਜਿਹਨਾਂ ਲਈ ਸਤਿਸੰਗ ਕਰਵਾਏ ਹਨ ਫਲ ਉਹਨਾਂ ਤੱਕ ਪਹੁੰਚ ਸਕਣ ਤਦ ਉਸ ਨਾਲ ਦੀ ਕੋਈ ਰੀਸ ਨਹੀਂ ਹੈ। ਅਗਰ ਨਾ ਪਹੁੰਚ ਸਕਣ ਤਦ ਫਲ ਲੈਣ ਵਾਲੇ ਖੁਦ ਖਾ ਲੈਣ ਤਾਂਕਿ ਫਲ ਅਤੇ ਮਾਲਿਕ ਜੋ ਦਾਤ ਬਖਸ਼ਦੇ ਹਨ ਉਹ ਵਿਅਰਥ ਨਾ ਜਾਵੇ।

**ਗੁਰਿ ਪੂਰੈ ਕਿਰਪਾ ਕਰਿ ਦੀਨੀ**
**ਵਿਰਲੈ ਕਿਨ ਹੀ ਜਾਤੀ॥ ਰਹਾਉ॥**

ਅਗਰ ਜੀਵ ਦਾ ਕੰਮ ਹੋ ਜਾਵੇ ਫੇਰ ਜੀਵ ਕਹਿੰਦਾ ਹੈ ਕਿ ਮੇਰੀ ਅਕਲ ਸਦਕਾ ਹੀ ਕੰਮ ਹੋਇਆ ਹੈ। ਅਗਰ ਕੰਮ ਨਾ ਹੋਵੇ ਫੇਰ ਕਹਿਣਗੇ ਕਿ ਮਾਲਿਕ ਨੇ ਮੇਰੀ ਸਹਾਇਤਾ ਨਹੀਂ ਕੀਤੀ। ਜਦੋਂ ਮਾਲਿਕ ਕਿਰਪਾ ਕਰਨ ਫੇਰ ਤੁਸੀਂ ਇਹੋ ਹੀ ਕਹਿਣਾ ਹੈ ਕਿ ਮੇਰੇ ਸਤਿਗੁਰ ਧੁਰ ਕੀ ਬਾਣੀ ਗੁਰਬਾਣੀ ਨੇ ਬਖਸ਼ਿਸ਼ ਕੀਤੀ ਹੈ ਵਰਨਾ ਮੈਂ ਇਸ ਲਾਇਕ ਨਹੀਂ ਸੀ।

**ਗੁਰਬਾਣੀ ਗਾਵਹ ਭਾਈ॥**

ਹਜ਼ੂਰ ਫੁਰਮਾਉਂਦੇ ਹਨ ਕਿ ਗੁਰੂ ਪਿਆਰੇ ਗੁਰਬਾਣੀ ਦੀ ਉਪਮਾ, ਸੋਭਾ ਅਤੇ ਸਲਾਹੁਤ ਕਰਦੇ ਹਨ। ਜੋ ਵੀ ਪ੍ਰਾਣੀ ਗੁਰਬਾਣੀ ਸੁਣਦਾ ਹੈ ਜਾਂ ਗਾਉਂਦਾ ਹੈ ਉਸ ਬਾਰੇ ਗੁਰਬਾਣੀ ਵਿੱਚ ਦਰਜ ਹੈ ਕਿ

*ਊਚ ਅਪਾਰ ਬੇਅੰਤ ਸੁਆਮੀ*
*ਕਉਣੁ ਜਾਣੈ ਗੁਣ ਤੇਰੇ॥*
*ਗਾਵਤੇ ਉਧਰਹਿ ਸੁਣਤੇ ਉਧਰਹਿ*
*ਬਿਨਸਹਿ ਪਾਪ ਘਨੇਰੇ॥*
*ਪਸੂ ਪਰੇਤ ਮੁਗਧ ਕਉ ਤਾਰੇ*
*ਪਾਹਨ ਪਾਰਿ ਉਤਾਰੈ॥ (ਅੰਗ 802)*

ਤਥਾ

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥ ੨੫॥ (ਅੰਗ 5)*

ਹਜ਼ੂਰ ਜਿਸ ਕੋਲੋਂ ਆਪਣੀ ਸਿਫਤ ਕਰਵਾਉਂਦੇ ਹਨ ਉਸ ਨੂੰ ਬਾਦਸ਼ਾਹਾਂ ਦਾ ਬਾਦਸ਼ਾਹ ਬਣਾ ਦਿੰਦੇ ਹਨ।

**ਓਹ ਸਫਲ ਸਦਾ ਸੁਖਦਾਈ॥**

ਫੇਰ ਉਹ ਜਿੱਥੇ ਵੀ ਜਾਂਦੇ ਹਨ ਸਫਲ ਰਹਿੰਦੇ ਹਨ। ਉਹਨਾਂ ਨੂੰ ਕੋਈ ਹਰਾ ਨਹੀਂ ਸਕਦਾ। ਉਹਨਾਂ ਦੇ ਗ੍ਰਹਿ ਵਿਖੇ ਸਦਾ ਸੁਖ ਪ੍ਰਵੇਸ਼ ਕਰਦਾ ਹੈ ਅਤੇ ਉਹ ਸੁਖ ਮਾਣਦੇ ਹਨ।

**ਨਾਨਕ ਨਾਮੁ ਧਿਆਇਆ॥**
**ਪੂਰਬਿ ਲਿਖਿਆ ਪਾਇਆ॥੨॥ ੧੭॥ ੮੧॥**

ਜੋ ਜੀਵ ਸਿਮਰਨ ਕਰਦੇ ਹਨ ਉਹ

*ਕਿਛ ਕਰਨੀ ਕਿਛ ਕਰਮ ਗਤ*
*ਕਿਛ ਪੂਰਬ ਲਿਖੇ ਕਾ ਲੈਣਾ।*

ਜਿਸ ਨੂੰ ਪਿਆਰ ਮਿਲਦਾ ਹੈ ਉਸਦਾ ਪਿਛਲੇ ਜਨਮ ਦਾ ਸੰਸਕਾਰ ਹੁੰਦਾ ਹੈ ਕਿਉਂਕਿ

*ਪ੍ਰੇਮ ਨ ਬਾੜੀ ਉਪਜੇ ਪ੍ਰੇਮ ਨ ਹਾਟ ਬਿਕਾਇ।*
*ਰਾਜਾ ਪਰਜਾ ਜੋ ਕਰੇ ਪ੍ਰੇਮ ਕੀਏ ਲੈ ਜਾਏ।*

ਬਾਦਸ਼ਾਹ ਜਾਂ ਜਰਨੈਲ ਇਸ ਨੂੰ ਖੋਹ ਨਹੀਂ ਸਕਦੇ। ਅਮੀਰ ਖਰੀਦ ਨਹੀਂ ਸਕਦੇ। ਇਹ ਖੇਤਾਂ ਵਿੱਚ ਉਗਾਇਆ ਨਹੀਂ ਜਾ ਸਕਦਾ। ਇਹ ਤਾਂ ਜਿਸ ਨੇ ਵੀ ਗੁਣ ਗਾਉਣਾ ਹੈ ਅੱਛੇ ਅੱਛੇ ਪਦਾਰਥ, ਮੇਵੇ ਅਤੇ ਬਾਕੀ ਸਾਰੀਆਂ ਚੀਜਾਂ ਵੀ ਉਸ ਦੇ ਅੱਗੇ ਪਿੱਛੇ ਭੱਜੀਆਂ ਫਿਰਦੀਆਂ ਹਨ। ਇਸ ਕਰਕੇ ਸਾਡੀ ਬੇਨਤੀ ਹੈ ਕਿ ਚਾਹੇ ਨਹਾਉਂਦਿਆਂ ਸਿਮਰਨ ਕਰ ਲਿਆ ਕਰੋ, ਚਾਹੇ ਗੱਡੀ

ਚਲਾਉਂਦਿਆਂ, ਚਾਹੇ ਖਾਣਾ ਖਾਂਦਿਆਂ ਜਾਂ ਖਾਣ ਲੱਗਿਆਂ ਜਾਂ ਖਾ ਕੇ ਬਾਅਦ ਵਿੱਚ ਬੇਨਤੀ, ਸਿਮਰਨ, ਪਾਠ ਕਰ ਲਿਆ ਕਰੋ ਪਰ ਸਿਮਰਨ ਜਰੂਰ ਕਰ ਲਿਆ ਕਰੋ। ਤੁਹਾਨੂੰ ਜਦੋਂ ਵੀ ਚੰਗਾ ਲੱਗਦਾ ਹੈ ਜਰੂਰ ਕਰ ਲਿਆ ਕਰੋ। ਕਿਉਂਕਿ

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ੨੩੨॥*

*(ਅੰਗ 1377)*

ਅਸੀਂ ਜਿੰਨਾ ਵੀ ਸਿਮਰਨ, ਪਾਠ ਕਰਾਂਗੇ ਸਾਨੂੰ ਓਨਾ ਹੀ ਲਾਭ ਪ੍ਰਾਪਤ ਹੋਵੇਗਾ।

# ਸਤਿਸੰਗ

**ਜੈਤਸਰੀ ਮਹਲਾ ੫ ਛੰਤ ਘਰੁ ੧ (ਅੰਗ 703)**
**ੴ ਸਤਿਗੁਰ ਪ੍ਰਸਾਦਿ॥**

**ਸਲੋਕ॥**
**ਦਰਸਨ ਪਿਆਸੀ ਦਿਨਸੁ ਰਾਤਿ**
**ਚਿਤਵਉ ਅਨਦਿਨੁ ਨੀਤ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਨੂੰ ਜਦੋਂ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਵਿਆਹ ਦੇ ਬਹਾਨੇ ਲਹੌਰ ਭੇਜ ਦਿੱਤਾ ਤਾਂ ਆਪ ਉਥੋਂ ਚਿੱਠੀਆਂ ਲਿਖਦੇ ਰਹੇ ਕਿ ਸੱਚੇ ਪਾਤਿਸ਼ਾਹੋ! ਮੈਨੂੰ ਤੁਹਾਡੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ। ਮੈਂ ਰੋਜ ਚਿੱਤ ਵਿੱਚ ਸੋਚਦਾ ਹਾਂ ਕਿ ਕੀ ਕੋਈ ਸਮਾਂ ਆਵੇਗਾ ਜਦੋਂ ਮਾਲਿਕ ਮੈਨੂੰ ਆਪਣੇ ਦਰਸ਼ਨ ਬਖਸ਼ਣਗੇ? ਐਸੀ ਲਗਨ ਅਤੇ ਪਿਆਰ ਸੱਚੇ ਗੁਰਸਿੱਖ ਵਿੱਚ ਹੁੰਦਾ ਹੈ। ਜਾਂ ਸੱਚੀਆਂ ਲੜਕੀਆਂ ਆਪਣੇ ਪਤੀ ਨਾਲ ਐਸਾ ਪਿਆਰ ਹੋਣ ਕਰਕੇ ਮਿਲਾਪ ਲਈ ਫਰਿਆਦਾਂ ਕਰਦੀਆਂ ਹਨ ਜਾਂ ਗੁਰਸਿੱਖ ਆਪਣੇ ਸਤਿਗੁਰ ਅਰਥਾਤ ਜਿਹੜੇ ਸੰਤਾਂ ਦੀ ਉਹ ਸੰਗਤ ਕਰਦੇ ਹਨ ਉਹਨਾਂ ਦੇ ਮਿਲਾਪ ਵਾਸਤੇ ਬੇਨਤੀਆਂ, ਜੋਦੜੀਆਂ, ਕਰਦੇ ਹਨ।

**ਖੋਲ੍ਹਿ ਕਪਟ ਗੁਰਿ ਮੇਲੀਆ**
**ਨਾਨਕ ਹਰਿ ਸੰਗਿ ਮੀਤ॥ ੧॥**

ਮਾਲਿਕ ਕਿਰਪਾ ਕਰਕੇ ਐਸੇ ਜੀਵ ਦੇ ਅੰਦਰੋਂ ਸ਼ੰਕੇ, ਵਹਿਮ ਅਤੇ ਭਰਮ ਕੱਢ ਕੇ ਫੇਰ ਉਸ ਨੂੰ ਮਿਲਾਪ ਬਖਸ਼ਦੇ ਹਨ। ਕਿਉਂਕਿ ਸਾਧੂਆਂ ਨਾਲ ਕੋਈ ਵੀ ਫਰੇਬ ਜਾਂ ਧੋਖਾ ਨਹੀਂ ਕਰ ਸਕਦਾ।

ਦੁਨਿਆਵੀ ਤੌਰ 'ਤੇ ਧੋਖਾ ਜਾਂ ਫਰੇਬ ਹੋ ਸਕਦਾ ਹੈ। ਕਿਸੇ ਵਿਅਕਤੀ ਦੀ ਛੋਟੀ ਜਿਹੀ ਦੁਕਾਨ ਸੀ। ਉਸ ਦੇ ਨੇੜੇ ਹੀ ਕਿਸੇ ਸ਼ਾਹੂਕਾਰ ਨੇ ਬਹੁਤ ਵੱਡਾ ਸਟੋਰ ਬਣਾ ਲਿਆ। ਦੁਕਾਨ ਵਾਲੇ ਨੇ ਸੋਚਿਆ ਕਿ ਇਸ ਸਟੋਰ ਦੇ ਕਾਰਨ ਮੇਰਾ ਸਮਾਨ ਵਿਕਣਾ ਨਹੀਂ ਹੈ। ਉਸ ਨੇ ਲਿਖ ਕੇ ਲਾ ਦਿੱਤਾ ਕਿ ਚਾਰ ਸੌ ਰੁਪਏ ਕਿਲੋ ਵਾਲਾ ਘਿਓ ਮੈਂ ਵੀਹ ਰੁਪਏ ਸਸਤਾ ਵੇਚਾਂਗਾ। ਵੱਡੇ ਸਟੋਰ ਵਾਲੇ ਨੇ ਕਹਿ ਦਿੱਤਾ ਕਿ ਅਸੀਂ ਪੰਜਾਹ ਰੁਪਏ ਸਸਤਾ ਦੇਵਾਂਗੇ। ਦੁਕਾਨ ਵਾਲਾ ਕਹਿਣ ਲੱਗਾ ਕਿ ਮੈਂ ਪਚੰਤਰ ਰੁਪਏ ਸਸਤਾ ਦੇਵਾਂਗਾ। ਸਟੋਰ ਵਾਲਿਆਂ ਨੇ ਕਿਹਾ ਅਸੀਂ ਸੌ ਰੁਪਏ ਸਸਤਾ ਦੇਵਾਂਗੇ। ਇੰਝ ਰੇਟ ਘਟਦਾ ਘਟਦਾ ਸਵਾ ਤਿੰਨ ਸੌ, ਤਿੰਨ ਸੌ, ਢਾਈ ਸੌ, ਦੋ ਸੌ ਤੋਂ ਡੇਢ ਸੌ 'ਤੇ ਆ ਗਿਆ। ਕੋਈ ਜੀਵ ਦੁਕਾਨ ਵਾਲੇ ਨੂੰ ਆ ਕੇ ਕਹਿਣ ਲੱਗਾ ਭਲਿਆ ਲੋਕਾ! ਉਸ ਦਾ ਐਨਾ ਵੱਡਾ ਸਟੋਰ ਹੈ ਉਹ ਤਾਂ ਘਾਟਾ ਜਰ ਲਵੇਗਾ ਪਰ ਤੂੰ ਐਨਾ ਘਾਟਾ ਕਿਵੇਂ ਜਰੇਂਗਾ? ਦੁਕਾਨ ਵਾਲਾ ਕਹਿਣ ਲੱਗਾ ਕਿ ਮੈਂ ਘਾਟਾ ਨਹੀਂ ਜਰ ਰਿਹਾ ਮੈਂ ਤਾਂ ਲੋਕਾਂ ਦਾ ਭਲਾ ਕਰ ਰਿਹਾ ਹਾਂ। ਮੇਰੀ ਦੁਕਾਨ ਤੇ ਘਿਓ ਹੈ ਹੀ ਨਹੀਂ ਫੇਰ ਮੈਨੂੰ ਘਾਟਾ ਕਿਵੇਂ ਪਵੇਗਾ? ਪਰ ਸਟੋਰ ਵਾਲੇ ਸਸਤਾ ਕਰੀ ਜਾ ਰਹੇ ਹਨ ਅਤੇ ਲੋਕ ਸਸਤਾ ਖਰੀਦੀ ਜਾ ਰਹੇ ਹਨ ਇਸ ਕਰਕੇ ਮੈਨੂੰ ਬਹੁਤ ਖੁਸ਼ੀ ਹੈ। ਉਂਝ ਉਹ ਬਹੁਤ ਮਹਿੰਗੀਆਂ ਚੀਜਾਂ ਵੇਚਦੇ ਸਨ ਹੁਣ ਉਹਨਾਂ ਦਾ ਘਿਓ ਤਾਂ ਸਸਤਾ ਵਿਕਿਆ? ਹੁਣ ਮੈਂ ਆਹਿਸਤਾ ਆਹਿਸਤਾ ਖੰਡ ਵੀ ਸਸਤੀ ਲਾ ਦੇਣੀ ਹੈ ਕਿਉਂਕਿ ਮੇਰੇ ਕੋਲ ਖੰਡ ਵੀ ਨਹੀਂ ਹੈ। ਉਹ ਜੀਵ ਕਹਿਣ ਲੱਗਾ ਕਿ ਅਗਰ ਕਿਸੇ ਨੇ ਤੇਰੇ ਕੋਲੋਂ ਘਿਓ ਮੰਗ ਲਿਆ ਫੇਰ ਕੀ ਕਰੇਂਗਾ? ਦੁਕਾਨ ਵਾਲਾ ਕਹਿਣ ਲੱਗਾ ਕਿ ਮੈਂ ਕਹਾਂਗਾ ਸਸਤਾ ਲਗਾਉਣ ਕਾਰਨ ਸਾਰਾ ਵਿਕ ਗਿਆ ਹੈ। ਹੁਣ ਹੋਰ ਲਿਆ ਕੇ ਤੁਹਾਨੂੰ ਦੇਵਾਂਗਾ। ਅਜੇ ਸਟੋਰ ਵਾਲੇ ਕੋਲ ਹੈ ਉਸ ਕੋਲੋਂ ਲੈ ਲਵੋ। ਪਰ ਸਾਧੂ ਕਦੇ ਵੀ ਇੰਝ ਧੋਖਾ ਨਹੀਂ ਕਰਦੇ। ਉਹ ਹਮੇਸ਼ਾਂ

*ਸਤਯਮੇਵ ਜਯਤੇ*

ਤਥਾ

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ ੨॥*

*(ਅੰਗ 953)*

ਸਾਧੂ ਜੋ ਦਿੰਦੇ ਹਨ ਉਹ ਸੇਰ ਦਾ ਸਵਾ ਸੇਰ ਉੱਤਰਦਾ ਹੈ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤੇਰਾਂ-ਤੇਰਾਂ ਕਰਕੇ ਸਾਰਾ ਖਜਾਨਾ ਲੁਟਾ ਦਿੱਤਾ ਸੀ ਪਰ ਜਦੋਂ ਗਿਣਤੀ ਕੀਤੀ ਤਾਂ ਵੱਧ ਨਿਕਲਿਆ।

**॥ ਛੰਤ ॥**

**ਸੁਣਿ ਯਾਰ ਹਮਾਰੇ ਸਜਣ**

**ਇਕ ਕਰਉ ਬੇਨੰਤੀਆ॥**

ਉਸ ਮਾਲਿਕ ਨੂੰ ਯਾਰ ਬਣਾ ਲਵੋ ਕਿਉਂਕਿ ਯਾਰ ਕਦੇ ਵੀ ਔਗੁਣ ਨਹੀਂ ਦੇਖਦਾ। ਬਾਕੀ ਸਾਰੇ ਮਾਂ ਪਿਉ, ਭੈਣ-ਭਰਾ, ਪਤੀ-ਪਤਨੀ ਇਹੋ ਕਹਿੰਦੇ ਹਨ ਕਿ ਤੂੰ ਸਾਡੀ ਕੁਲ ਨੂੰ ਲਾਜ ਲਾ ਦਿੱਤੀ ਹੈ ਪਰ ਮਾਲਿਕ ਕਦੇ ਵੀ ਔਗੁਣ ਨਹੀਂ ਦੇਖਦੇ। ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਐ ਮੇਰੇ ਯਾਰ, ਮੇਰੇ ਪ੍ਰੀਤਮ, ਮੇਰੇ ਸੱਜਣ! ਮੇਰੀ ਇੱਕ ਬੇਨਤੀ ਕਬੂਲ ਕਰ ਲਵੋ।

**ਤਿਸੁ ਮੋਹਨ ਲਾਲ ਪਿਆਰੇ**

**ਹਉ ਫਿਰਉ ਖੋਜੰਤੀਆ॥**

ਸੱਚੇ ਪਾਤਿਸ਼ਾਹੋ! ਮੇਰੀ ਆਤਮਾ ਤੁਹਾਨੂੰ ਖੋਜਦੀ ਅਤੇ ਲੱਭਦੀ ਫਿਰਦੀ ਹੈ। ਇਸ ਆਤਮਾ ਉੱਪਰ ਤਰਸ ਕਰਕੇ ਰਹਿਮ ਕਰਕੇ ਕੀ ਕਿਰਪਾ ਕਰੋ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ਣ।

**ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ**

**ਇਕ ਭੋਰੀ ਦਰਸਨੁ ਦੀਜੈ॥**

ਹਜ਼ੂਰ! ਮੈਨੂੰ ਆਪਣੇ ਦਰਸ਼ਨ ਬਖਸ਼ ਦਿਓ। ਫੇਰ ਉਸੇ ਵਕਤ ਮੇਰਾ ਸਿਰ ਕੱਟਿਆ ਜਾਵੇ ਤਾਂ ਵੀ ਮੈਨੂੰ ਭੋਰੀ ਪ੍ਰਵਾਹ ਨਹੀਂ ਹੈ। ਮੈਂ ਸਿਰ ਨੂੰ ਕੱਟ ਕੇ ਹਥੇਲੀ ਉੱਪਰ ਰੱਖਣ ਲਈ ਤਿਆਰ ਹਾਂ ਪਰ ਮੈਨੂੰ ਇੱਕ ਵਾਰ ਆਪਣੇ ਦਰਸ਼ਨ ਬਖਸ਼ ਦਿਓ। ਇਹ ਡਰਾਮਾਬਾਜੀ ਨਾ ਹੋ ਕੇ ਸੱਚੀ ਪ੍ਰੀਤ ਹੁੰਦੀ ਹੈ।

**ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ**

**ਇਕੁ ਤਿਲੁ ਭੀ ਨਾ ਧੀਰੀਜੈ॥**

ਸੱਚੇ ਪਾਤਿਸ਼ਾਹੋ! ਮੇਰੀਆਂ ਅੱਖਾਂ ਤੁਹਾਡੇ ਦਰਸ਼ਨਾਂ ਵਾਸਤੇ ਤਰਸ ਰਹੀਆਂ ਹਨ। ਤੁਹਾਡੇ ਦਰਸ਼ਨ ਕਰਕੇ ਇਹਨਾਂ ਨੂੰ ਰੰਗ ਚੜ੍ਹ ਜਾਣਾ ਹੈ ਚਾਹੇ ਇੱਕ ਭੋਰੀ ਅਰਥਾਤ ਥੋੜੇ ਸਮੇਂ ਵਾਸਤੇ ਹੀ ਦਰਸ਼ਨ ਬਖਸ਼ ਦਿਓ। ਗਾਣੇ ਗਾਉਣ ਵਾਲੇ ਕਹਿੰਦੇ ਹਨ ਕਿ

*ਇਹਨਾਂ ਅੱਖੀਆਂ ਨੂੰ ਲੈਣ ਦੇ ਨਜ਼ਾਰਾ,*
*ਤੇਰਾ ਕਿਹੜਾ ਮੁੱਲ ਲੱਗਦਾ।*
*ਸਾਡਾ ਹੁੰਦਾ ਨਹੀਂ ਤੇਰੇ ਬਿਨ ਗੁਜਾਰਾ,*
*ਤੇਰਾ ਕਿਹੜਾ ਮੁੱਲ ਲੱਗਦਾ।*

ਸੱਚੇ ਪਾਤਿਸ਼ਾਹੋ! ਮੇਰੀ ਇਹੋ ਫਰਿਆਦ ਅਤੇ ਬੇਨਤੀ ਹੈ ਕਿ ਮੇਰੀਆਂ ਅੱਖਾਂ ਨੂੰ ਇੱਕ ਵਾਰ ਆਪਣੇ ਰੰਗ ਵਿੱਚ ਰੰਗ ਦਿਓ।

**ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ**

**ਚਾਤ੍ਰਿਕ ਜਿਵੈ ਤਿਸੰਤੀਆ॥**

ਸੱਚੇ ਪਾਤਿਸ਼ਾਹੋ! ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਗੈਰ ਨਹੀਂ ਬਚਦੀ ਅਤੇ ਪਪੀਹਾ ਸਵਾਂਤ ਬੂੰਦ ਤੋਂ ਬਗੈਰ ਨਹੀਂ ਬਚਦਾ ਹੁਣ ਮੇਰੀ ਹਾਲਤ ਐਸੀ ਹੋਈ ਪਈ ਹੈ।

**ਜਨ ਨਾਨਕ ਗੁਰੁ ਪੂਰਾ ਪਾਇਆ**

**ਸਗਲੀ ਤਿਖਾ ਬੁਝੰਤੀਆ॥ ੧॥**

ਹਜ਼ੂਰ! ਜਦੋਂ ਤੱਕ ਤੁਸੀਂ ਨਹੀਂ ਮਿਲੋਗੇ ਮੇਰੀ ਪਿਆਸ, ਭੁੱਖ ਅਤੇ ਤੜਪ ਮਿਟਣੀ ਨਹੀਂ ਹੈ। ਮੇਰੀ ਆਤਮਾ ਜੋ ਤੁਹਾਡੇ ਦਰਸ਼ਨਾਂ ਲਈ ਤੜਪ ਰਹੀ ਹੈ ਇਸ ਨੇ ਵਧੀਆ ਖੁਰਾਕ ਖਾ ਕੇ, ਸੋਹਣਾ ਪਹਿਰਾਵਾ ਪਾ ਕੇ ਜਾਂ ਸੋਹਣੇ ਵਿਛਾਉਣਿਆ ਨਾਲ ਤ੍ਰਿਪਤ ਨਹੀਂ ਹੋਣਾ। ਹਜ਼ੂਰ! ਮੇਰੀ ਇਹੋ ਬੇਨਤੀ ਹੈ ਕਿ ਮੇਰੇ ਉਪਰ ਦਇਆ, ਤਰਸ ਅਤੇ ਰਹਿਮਤ ਕਰਕੇ ਮੈਨੂੰ ਆਪਣੇ ਦਰਸ਼ਨ ਬਖਸ਼ੋ।

# ਸਤਿਸੰਗ

**ਆਸਾ ਘਰੁ ੯ ਮਹਲਾ ੫ (ਅੰਗ 401)**

**੧ੴ ਸਤਿਗੁਰ ਪ੍ਰਸਾਦਿ॥**

**ਚਿਤਵਉ ਚਿਤਵਿ ਸਰਬ ਸੁਖ ਪਾਵਉ**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਨ ਕਰ ਰਹੇ ਹਨ ਕਿ ਸਾਨੂੰ ਸਭ ਨੂੰ ਪਤਾ ਹੈ ਕਿ ਅਗਰ ਅਸੀਂ ਉਸ ਮਾਲਿਕ ਨੂੰ ਚੇਤੇ ਕਰਾਂਗੇ ਫੇਰ ਸਾਨੂੰ ਸੁਖ ਦੀ ਪ੍ਰਾਪਤੀ ਹੋਵੇਗੀ। ਪਰ ਮਨ ਸਮਝਦਾ ਹੋਇਆ ਵੀ ਐਨਾ ਢੀਠ ਹੈ ਕਿ ਮਾਲਿਕ ਨੂੰ ਚੇਤੇ ਨਹੀਂ ਕਰਦਾ। ਸਾਨੂੰ ਇਹ ਵੀ ਪਤਾ ਹੈ ਕਿ ਸੁਖਮਨੀ ਸਾਹਿਬ ਵਿੱਚ ਦਰਜ ਹੈ ਕਿ

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥ (ਅੰਗ 262)*

ਅਗਰ ਘਰ ਵਿਚੋਂ ਕਲੇਸ਼ ਅਤੇ ਕਲਪਣਾ ਨੂੰ ਕੱਢਣਾ ਚਾਹੁੰਦੇ ਹੋ ਤਦ ਮਾਲਿਕ ਨੂੰ ਚੇਤੇ ਕਰੋ।

**ਆਗੈ ਭਾਵਉ ਕਿ ਨ ਭਾਵਉ॥**

ਇਹ ਪਤਾ ਨਹੀਂ ਕਿ ਅੱਗੇ ਮੌਕਾ ਮਿਲਣਾ ਹੈ ਜਾਂ ਨਹੀਂ। ਮਾਲਿਕ ਖੁਸ਼ ਹੋਣਗੇ ਜਾਂ ਨਹੀਂ ਹੋਣਗੇ। ਕਿਉਂਕਿ

*ਲਖ ਚਉਰਾਸੀਹ ਜੋਨਿ ਸਬਾਈ॥*

*ਮਾਣਸ ਕਉ ਪ੍ਰਭਿ ਦੀਈ ਵਡਿਆਈ॥*

*ਇਸੁ ਪਉੜੀ ਤੇ ਜੋ ਨਰੁ ਚੂਕੈ*

*ਸੋ ਆਇ ਜਾਇ ਦੁਖੁ ਪਾਇਦਾ॥ ੨॥ (ਅੰਗ 1075)*

ਫੇਰ ਪਤਾ ਨਹੀਂ ਕਿੰਨੇ ਕੁ ਦੁਖ ਸਹਿਣੇ ਪੈਣੇ ਹਨ।

**ਏਕੁ ਦਾਤਾਰੁ ਸਗਲ ਹੈ ਜਾਚਿਕ**

**ਦੂਸਰ ਕੈ ਪਹਿ ਜਾਵਉ॥ ੧॥**

ਜਿੰਨੀ ਵੀ ਦੁਨੀਆਂ ਹੈ ਸਭ ਰੱਬ ਨੂੰ ਮੰਨਦੀ ਹੈ ਉਹ ਦਾਤਾ ਇੱਕੋ ਹੀ ਹੈ, ਮੰਗਣ ਵਾਲੇ ਬਹੁਤ ਹਨ। ਜੋ ਜਾਚਨਾ ਕਰ ਰਹੇ ਹਨ, ਫਰਿਆਦਾਂ, ਤਰਲੇ, ਮਿੰਨਤਾਂ ਕਰ ਰਹੇ ਹਨ ਸੱਚੇ ਪਾਤਿਸ਼ਾਹੋ! ਸਾਰੀ ਦੁਨੀਆਂ ਵਿੱਚ ਤੁਸੀਂ ਹੀ ਹੋ, ਹੋਰ ਦੂਸਰਾ ਕੋਈ ਨਹੀਂ ਹੈ ਮੈਂ ਹੋਰ ਕਿਸ ਕੋਲ ਜਾਵਾਂ?

**ਹਉ ਮਾਗਉ ਆਨ ਲਜਾਵਉ॥**

ਸੱਚੇ ਪਾਤਿਸ਼ਾਹੋ! ਮੈਂ ਖੁਸ਼ੀਆਂ ਅਤੇ ਖੇੜੇ ਮੰਗਦਾ ਹਾਂ। ਉਸ ਬਾਰੇ ਵੀ ਹਜ਼ੂਰ ਨੇ ਫੁਰਮਾਨ ਕੀਤਾ ਹੈ ਕਿ ਅਗਰ ਖੁਸ਼ੀਆਂ ਅਤੇ ਖੇੜੇ ਚਾਹੁੰਦੇ ਹੋ ਤਦ ਮਾਲਿਕ ਦੀ ਜਾਚਨਾ ਅਤੇ ਅਰਾਧਨਾ ਕਰੋ। ਜਾਪ ਕਰੋ।

**ਸਗਲ ਛਤ੍ਰਪਤਿ ਏਕੋ ਠਾਕੁਰੁ**

**ਕਉਨੁ ਸਮਸਰਿ ਲਾਵਉ॥ ੧॥ ਰਹਾਉ॥**

ਸਿਵਾ ਜੀ ਨੂੰ ਛਤ੍ਰਪਤੀ ਕਿਹਾ ਜਾਂਦਾ ਹੈ। ਪਹਿਲਾਂ ਜਿੰਨੇ ਵੀ ਸਾਧੂ ਮਹਾਤਮਾ ਹੋਏ ਹਨ ਉਹ ਬਹੁਤ ਵੱਡੀ ਛੱਤਰੀ ਦੇ ਥੱਲੇ ਬੈਠੇ ਹੁੰਦੇ ਸਨ। ਸੰਗਤ ਇਹ ਸੋਚਦੀ ਸੀ ਕਿ ਕੋਈ ਪੰਛੀ ਉੱਡਦਾ ਹੋਇਆ ਉਹਨਾਂ ਉੱਪਰ ਵਿੱਠ ਨਾ ਕਰ ਦੇਵੇ। ਅਸਲ ਵਿੱਚ ਕਿਹਾ ਜਾਂਦਾ ਸੀ ਕਿ ਇਹ ਛਤ੍ਰਧਾਰੀ ਹਨ ਇਹਨਾਂ ਦੇ ਸਿਰ ਉੱਪਰ ਰਹਿਮਤ ਦਾ ਛਤ੍ਰ ਝੁੱਲਦਾ ਹੈ। ਇਹਨਾਂ ਉੱਪਰ ਮਾਲਿਕ ਦੀ ਕਿਰਪਾ ਹੈ। ਬਾਦਸ਼ਾਹਾਂ ਦੇ ਸਿਰ ਉੱਪਰ ਵੀ ਛਤ੍ਰ ਹੁੰਦਾ ਸੀ। ਕਿ ਇਹ ਬਾਦਸ਼ਾਹ ਹੈ ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ।

**ਊਠਉ ਬੈਸਉ ਰਹਿ ਭੀ ਨ ਸਾਕਉ**

**ਦਰਸਨੁ ਖੋਜਿ ਖੋਜਾਵਉ॥**

ਸੱਚੇ ਪਾਤਿਸ਼ਾਹੋ! ਮੈਂ ਉੱਠ ਜਾਂਦਾ ਹਾਂ ਤਦ ਵੀ ਮਨ ਨੂੰ ਚੈਨ ਨਹੀਂ ਆਉਂਦਾ। ਫੇਰ ਬੈਠ ਜਾਂਦਾ ਹਾਂ ਤਦ ਵੀ ਚੈਨ ਨਹੀਂ ਆਉਂਦਾ। ਮੇਰੇ ਮਨ ਵਿੱਚ ਇਹੋ ਤੜਪ ਹੈ ਕਿ ਮੈਨੂੰ ਕਿਸ ਤਰ੍ਹਾਂ ਮਾਲਿਕ ਦੇ ਦਰਸ਼ਨ ਹੋਣਗੇ।

**ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ**

ਜਿੰਨੇ ਵੀ ਬ੍ਰਹਮਾ, ਵਿਸ਼ਨੂੰ, ਮਹੇਸ਼ ਜਾਂ ਰਿਸ਼ੀ, ਮੁਨੀ, ਪੀਰ, ਪੈਗੰਬਰ ਪਿੱਛੇ ਹੋਏ ਹਨ। ਸਾਰੇ ਹੀ ਉਸ ਮਾਲਿਕ ਦੇ ਦਰਸ਼ਨਾਂ ਲਈ ਤੜਪਦੇ ਰਹੇ ਹਨ।

**ਸਨਾਤਨ ਸਨਤਕੁਮਾਰ ਤਿਨ੍ ਕਉ**

**ਮਹਲੁ ਦੁਲਭਾਵਉ॥ ੨॥**

ਪਿਛਲੇ ਜੁਗਾਂ ਤੋਂ ਲੈ ਕੇ ਬਾਦਸ਼ਾਹ ਵੀ ਅਤੇ ਸੰਤ ਵੀ ਸਾਰੇ ਹੀ ਇਸੇ ਖੋਜ ਵਿੱਚ ਲੱਗੇ ਰਹੇ। ਸੱਚੇ ਪਾਤਿਸ਼ਾਹੋ! ਉਹਨਾਂ ਨੂੰ ਦੁਨਿਆਵੀ ਮਹਿਲ ਤਾਂ ਮਿਲੇ ਹਨ ਪਰ ਉਹ ਸੱਚੇ ਮਹਿਲ ਦੇ ਦਰਸ਼ਨਾਂ ਵਾਸਤੇ ਤਰਸਦੇ ਹਨ।

**ਅਗਮ ਅਗਮ ਆਗਾਧਿ ਬੋਧ**

**ਕੀਮਤਿ ਪਰੈ ਨ ਪਾਵਉ॥**

ਉਹ ਤਾਕਤ ਸਾਡੀ ਬੁੱਧੀ ਤੋਂ ਬਾਹਰ ਹੈ, ਉਸ ਦੀ ਕੋਈ ਹੱਦ ਨਹੀਂ ਹੈ, ਉਸ ਦੀ ਕੋਈ ਗੰਮਤਾ ਨਹੀਂ ਪਾ ਸਕਿਆ। ਉਸ ਤਾਕਤ ਨੂੰ ਕੋਈ ਕੀਮਤ ਦੇ ਕੇ ਪ੍ਰਾਪਤ ਨਹੀਂ ਕਰ ਸਕਦਾ। ਉਹ ਤਾਂ

*ਜਿਸੇ ਨੋ ਬਖਸੇ ਸਿਫਤਿ ਸਾਲਾਹ॥*

*ਨਾਨਕ ਪਾਤਿਸਾਹੀ ਪਾਤਿਸਾਹੁ॥ ੨੫॥ (ਅੰਗ 5)*

**ਤਾਕੀ ਸਰਣਿ ਸਤਿ ਪੁਰਖ ਕੀ**

**ਸਤਿਗੁਰੁ ਪੁਰਖੁ ਧਿਆਵਉ॥ ੩॥**

ਅਗਰ ਕਿਤੇ ਉਸ ਪੂਰਨ ਤਾਕਤ ਦੀ ਸ਼ਰਨ ਦੀ ਪ੍ਰਾਪਤੀ ਹੋ ਜਾਵੇ ਫੇਰ ਉਸ ਮਾਲਿਕ ਦੀ ਜਿੰਨੀ ਵੀ ਅਰਾਧਨਾ ਹੋ ਸਕੇ ਮੈਂ ਜਰੂਰ ਕਰਾਂ। ਮੈਨੂੰ ਵਿਸ਼ਵਾਸ਼ ਹੋ ਜਾਵੇ ਕਿ ਉਹ ਮਾਲਿਕ ਮੈਨੂੰ ਦਰਸ਼ਨ ਦੇਣਗੇ ਤਦ ਮੈਂ ਜਾਪ ਕਰੀ ਜਾਵਾਂ। ਜਿਸ ਤਰ੍ਹਾਂ ਕਿਸੇ ਜੀਵ ਨੂੰ ਪਤਾ ਲੱਗ ਗਿਆ ਕਿ ਮਾਲਿਕ ਦੀ ਲਿਸਟ ਵਿੱਚ ਮੇਰਾ ਨਾਮ ਹੈ ਆਪੇ ਕਿਸੇ ਦਿਨ ਮੇਰੀ ਵਾਰੀ ਵੀ ਆ ਜਾਵੇਗੀ। ਇਸ ਤਰ੍ਹਾਂ ਜਦੋਂ ਜੀਵ ਨੂੰ ਵਿਸ਼ਵਾਸ਼ ਹੋ ਜਾਵੇਗਾ ਕਿ ਮਾਲਿਕ ਨੇ ਸਿਮਰਨ, ਜਾਪ ਕਰਨ ਨਾਲ ਦਰਸ਼ਨ ਦੇਣੇ ਹਨ ਫੇਰ ਉਹ ਜਾਪ ਅਵੱਸ਼ ਕਰੇਗਾ।

**ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ**

**ਕਾਟਿਓ ਬੰਧ ਗਰਾਵਉ॥**

ਜਦੋਂ ਠਾਕੁਰ ਰੂਪੀ ਤਾਕਤ ਕਿਰਪਾਲੂ ਅਤੇ ਦਿਆਲੂ ਹੋ ਜਾਵੇ ਫੇਰ ਉਹ ਆਪ ਹੀ ਜੀਵ ਦੇ ਕਾਮ, ਕਰੋਧ, ਲੋਭ, ਮੋਹ, ਹੰਕਾਰ, ਆਸ਼ਾ, ਤ੍ਰਿਸ਼ਨਾ, ਵਾਸ਼ਨਾ ਦੇ ਬੰਧਨਾ ਨੂੰ ਕੱਟ ਦਿੰਦੀ ਹੈ।

**ਕਹੁ ਨਾਨਕ ਜਉ ਸਾਧਸੰਗੁ ਪਾਇਓ**

**ਤਉ ਫਿਰਿ ਜਨਮਿ ਨ ਆਵਉ॥ ੪॥੧॥ ੧੨੧॥**

ਹਜ਼ੂਰ ਫੁਰਮਾਉਂਦੇ ਹਨ ਕਿ ਜਿਸ ਜੀਵ ਨੂੰ ਮਾਲਿਕ ਸਾਧੂ ਦੀ ਸੰਗਤ ਬਖਸ਼ ਦਿੰਦੇ ਹਨ ਫੇਰ ਉਹ ਜੀਵ ਦੁਬਾਰਾ ਚੁਰਾਸੀ ਦੇ

ਗੇੜ ਵਿੱਚ ਨਹੀਂ ਪੈਂਦਾ। ਸਾਧੂ ਦੀ ਸੰਗਤ ਕਰਨ ਨਾਲ ਜੀਵ ਨੂੰ ਦੁਨਿਆਵੀ ਦਾਤਾਂ ਵੀ ਬਹੁਤ ਮਿਲਦੀਆਂ ਹਨ ਅਤੇ ਉਹ ਚੁਰਾਸੀ ਦੇ ਗੇੜ ਤੋਂ ਵੀ ਬਚ ਜਾਂਦਾ ਹੈ। ਕਈ ਜੀਵ ਮੋਹ ਵਿੱਚ ਆ ਕੇ ਬੱਚਿਆਂ ਨੂੰ ਕੁਝ ਨਹੀਂ ਕਹਿੰਦੇ, ਕਿਸੇ ਕੰਮ ਤੋਂ ਨਹੀਂ ਰੋਕਦੇ। ਕਈ ਜੀਵ ਰੋਕਦੇ ਹਨ ਪਰ ਉਹਨਾਂ ਦੇ ਬੱਚੇ ਕਹਿਣਾ ਨਹੀਂ ਮੰਨਦੇ। ਪਰ ਸਮਾਂ ਆਉਣ ਤੇ ਹੀ ਸਾਰੇ ਕੰਮ ਠੀਕ ਹੁੰਦੇ ਹਨ। ਅਗਰ ਜੀਵ ਮਾਲਿਕ ਕੋਲ ਇਹ ਬੇਨਤੀ ਕਰਦਾ ਰਹਿੰਦਾ ਹੈ ਕਿ ਹਜ਼ੂਰ! ਮੇਰੇ ਉੱਪਰ ਤੁਹਾਡੀ ਮਿਹਰ ਦੀ ਨਜਰ ਹੋਣੀ ਚਾਹੀਦੀ ਹੈ ਕਿਉਂਕਿ ਹਰ ਸਮੇਂ, ਹਰ ਪਲ, ਹਰ ਘੜੀ, ਬੱਚੇ ਦੇ ਜੰਮਣ ਤੋਂ ਲੈ ਕੇ ਪੜ੍ਹਾਈ ਸਮੇਂ, ਕਾਰੋਬਾਰਾਂ ਸਮੇਂ ਅਰਥਾਤ ਹਰ ਵਕਤ ਮਾਲਿਕ ਦੀ ਬਖਸ਼ਿਸ਼ ਦੀ ਲੋੜ ਹੈ। ਅਗਰ ਹਜ਼ੂਰ ਬਖਸ਼ਿਸ਼ ਕਰਨ ਤਦ ਹੀ ਜੀਵ ਬਚ ਸਕਦਾ ਹੈ।

# ਸਤਿਸੰਗ

**॥ ਸੋਰਠਿ ਮਹਲਾ ੫ ॥ (ਅੰਗ 614)**

**ਹਮ ਸੰਤਨ ਕੀ ਰੇਨੁ ਪਿਆਰੇ**

**ਹਮ ਸੰਤਨ ਕੀ ਸਰਣਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਫੁਰਮਾਨ ਕਰ ਰਹੇ ਹਨ ਕਿ ਅਸੀਂ ਸੰਤਾਂ ਦੇ ਰਿਣੀ ਹਾਂ, ਧੰਨਵਾਦੀ ਹਾਂ, ਸ਼ੁਕਰਗੁਜਾਰ ਹਾਂ ਕਿ ਉਹਨਾਂ ਨੇ ਸਾਨੂੰ ਆਪਣੀ ਸ਼ਰਨ ਬਖਸ਼ੀ ਹੈ।

**ਸੰਤ ਹਮਾਰੀ ਓਟ ਸਤਾਣੀ**

**ਸੰਤ ਹਮਾਰਾ ਗਹਣਾ॥ ੧॥**

ਜਿਸ ਤਰ੍ਹਾਂ ਕਿਸੇ ਨੂੰ ਪੁੱਛਿਆ ਜਾਂਦਾ ਹੈ ਕਿ ਤੇਰੇ ਕੋਲ ਕਿਹੜਾ ਗਹਿਣਾ ਜਾਂ ਖਜਾਨਾ ਹੈ? ਹਜ਼ੂਰ ਫੁਰਮਾਉਂਦੇ ਹਨ ਕਿ ਅਸੀਂ ਸੰਤਾਂ ਦੀ ਓਟ ਲਈ, ਉਹਨਾਂ ਨੇ ਸਾਨੂੰ ਨਾਮ ਦਾ ਖਜਾਨਾ ਬਖਸ਼ਿਆ ਉਹ ਗਹਿਣਾ ਸਾਡੇ ਕੋਲ ਹੈ। ਉਹ ਐਸਾ ਖਜਾਨਾ ਅਤੇ ਗਹਿਣਾ ਹੈ ਕਿ ਉਸ ਵਿੱਚ ਤੋਟ ਨਹੀਂ ਆਉਂਦੀ।

**ਹਮ ਸੰਤਨ ਸਿਉ ਬਣਿ ਆਈ॥**

ਕਈ ਜੀਵ ਉਪਦੇਸ਼ ਲੈ ਕੇ ਇੱਥੇ ਆਉਣੋਂ ਹਟ ਜਾਂਦੇ ਹਨ ਜਾਂ ਬੇ-ਭਾਵ ਹੋ ਜਾਂਦੇ ਹਨ। ਪਰ ਅਸੀਂ ਦੇਖਿਆ ਹੈ ਕਿ ਜਿਸ ਜੀਵ ਨੂੰ ਸੰਤ ਪਿਆਰ ਕਰਦੇ ਹਨ ਜਾਂ ਜੋ ਜੀਵ ਸੰਤਾਂ ਨੂੰ ਦਿਲੋਂ ਪਿਆਰ ਕਰਦਾ ਹੈ ਅਗਰ ਕਿਸੇ ਵਕਤ ਜੀਵ ਚੀਂ-ਪੈਂ ਵੀ ਕਰੇ ਤਦ ਵੀ ਉਸ ਨੂੰ ਭੱਜਣ ਨਹੀਂ ਦਿੰਦੇ। ਉਸ ਨੂੰ ਫੜ ਕੇ ਰੱਖਦੇ ਹਨ। ਕਿਉਂਕਿ

*ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥*

*(ਅੰਗ 269)*

ਕਿਸੇ ਨੂੰ ਪਿੱਛੇ ਰੱਖ ਕੇ ਬਖਸ਼ਿਸ਼ ਕਰਦੇ ਹਨ। ਜਦੋਂ ਜੀਵ ਬੇ-ਭਾਵ ਹੋਇਆ ਹੁੰਦਾ ਹੈ ਉਸ ਨੂੰ ਕੁਝ ਸਮੇਂ ਵਾਸਤੇ ਰੋਕੀ ਰੱਖਦੇ ਹਨ ਅਤੇ ਬਾਹਰ ਨਹੀਂ ਜਾਣ ਦਿੰਦੇ। ਪਰ ਕਿਸੇ ਵਕਤ ਬਖਸ਼ਿਸ਼ ਕਰਨੀ ਹੋਵੇ ਤਾਂ ਜੀਵ ਨੂੰ ਬਾਹਰ ਭੇਜ ਦਿੰਦੇ ਹਨ ਅਤੇ ਕਿਸੇ ਵਕਤ ਕੋਲ ਰੱਖ ਕੇ ਬਖਸ਼ਿਸ਼ ਕਰਦੇ ਹਨ। ਇਸ ਕਰਕੇ ਕਦੇ ਵੀ ਇਹ ਮੱਤ ਸੋਚੋ ਕਿ ਕਿਸ ਨੂੰ ਕੱਢਿਆ ਅਤੇ ਕਿਸ ਨੂੰ ਰੱਖਿਆ ਹੈ। ਸੰਤਾਂ ਦੀ ਮੌਜ ਹੈ ਕਿਸੇ ਵਕਤ ਜਿਆਦਾ ਪਿਆਰ ਕਰਦੇ ਹਨ ਅਤੇ ਕਿਸੇ ਵਕਤ ਜਾਣ ਬੁਝ ਕੇ ਐਸਾ ਵਿਹਾਰ ਕਰਦੇ ਹਨ ਕਿ ਉਹ ਜੀਵ ਪਿੱਛੇ ਹਟ ਜਾਣ ਫੇਰ ਕਈ ਜੀਵ ਪਿੱਛੇ ਹਟ ਜਾਂਦੇ ਹਨ ਪਰ ਕਈ ਨਹੀਂ ਹਟਦੇ। ਇਹ ਸੰਤਾਂ ਦੀ ਮੌਜ ਹੈ ਕਿ ਮਾਲਿਕ ਨੇ ਕਿਸ ਤਰ੍ਹਾਂ ਜੀਵਾਂ ਨੂੰ ਸਹਾਰਾ ਦੇਣਾ ਹੈ।

**ਪੂਰਬਿ ਲਿਖਿਆ ਪਾਈ॥**

**ਇਹੁ ਮਨੁ ਤੇਰਾ ਭਾਈ॥ ਰਹਾਉ॥**

ਕਿਸੇ ਵੀ ਜੀਵ ਨੂੰ ਸੰਤਾਂ ਦਾ ਮਿਲਾਪ ਜਾਂ ਦਰਸ਼ਨ ਨਹੀਂ ਹੋ ਸਕਦੇ। ਉਹ ਤਾਂ

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ੨॥ (ਅੰਗ 204)*

ਆਪਣੇ ਮਨ ਨੂੰ ਸਮਝਾਵੋ ਕਿ ਐ ਮਨਾ! ਤੂੰ ਮਾਲਿਕ ਦਾ ਹੈਂ ਇਸ ਕਰਕੇ ਤੂੰ ਆਪਣੀ ਮਰਜੀ ਨਾ ਕਰ। ਮਨਾ! ਤੂੰ ਸਤਿਗੁਰ ਦਾ ਹੈਂ ਇਸ ਕਰਕੇ ਸਤਿਗੁਰ ਦੇ ਅਰਪਣ ਹੋ ਜਾ।

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥ (ਅੰਗ 286)*

ਜਦੋਂ ਜੀਵ ਕੋਈ ਮਨ ਮਰਜੀ ਜਾਂ ਆਪਣੀ ਵਡਿਆਈ ਕਰਦਾ ਹੈ ਜਾਂ ਹੁਕਮ ਮਨਾਉਂਦਾ ਹੈ ਫੇਰ ਮਾਰ ਖਾਂਦਾ ਹੈ। ਇਸ ਕਰਕੇ

*ਕੋਈ ਮੋੜੋ ਮਨਾਂ ਦੀਆਂ ਵਾਗਾਂ ਨੂੰ।*
*ਫੇਰ ਦੋਸ਼ ਨਾ ਦੇਣਾ ਭਾਗਾਂ ਨੂੰ।*

**ਸੰਤਨ ਸਿਉ ਮੇਰੀ ਲੇਵਾ ਦੇਵੀ**

**ਸੰਤਨ ਸਿਉ ਬਿਉਹਾਰਾ॥**

ਲੇਵਾ ਦੇਵੀ ਤੋਂ ਭਾਵ ਇਹ ਨਹੀਂ ਹੈ ਕਿ ਦੁਨਿਆਵੀ ਵਪਾਰ

ਕਰਨਾ ਹੈ। ਸਗੋਂ ਸੰਤਾਂ ਦੇ ਨਾਲ ਗੁਰਬਾਣੀ ਦੀ ਸਾਂਝ ਰੱਖੋ। ਉਹਨਾਂ ਦੇ ਨਾਲ ਗੁਰਬਾਣੀ ਦੇ ਬਚਨ ਕਰੋ ਅਤੇ ਸੁਣੋ। ਅਤੇ ਜੋ ਸ਼ੰਕੇ ਹਨ ਉਹ ਨਵਿਰਤ ਕਰੋ।

*ਸੰਤੁ ਮਿਲੈ ਕਿਛੁ ਸੁਨੀਐ ਕਹੀਐ॥*
*ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥ (ਅੰਗ 870)*

ਸੰਤਾਂ ਦੀ ਸੰਗਤ ਵਿੱਚ ਜਾ ਕੇ ਅਗਰ ਆਪਣੀ ਮਾਣ ਵਡਿਆਈ ਕਰਵਾਉਣੀ ਚਾਹਾਂਗੇ ਤਦ ਮਾਰ ਖਾ ਜਾਵਾਂਗੇ। ਗੁਰਬਾਣੀ ਵਿੱਚ ਦਰਜ ਹੈ ਕਿ

*ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ॥*
*ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ॥ ੧॥*
*(ਅੰਗ 808)*

ਕਈ ਦਫ਼ਾ ਜਦੋਂ ਸੰਗਤ ਕਿਸੇ ਜੀਵ ਦੀ ਵਡਿਆਈ ਕਰਦੀ ਹੈ ਤਾਂ ਉਸ ਨਾਲ ਵੀ ਜੀਵ ਦਾ ਨੁਕਸਾਨ ਹੁੰਦਾ ਹੈ। ਅਗਰ ਸੰਗਤ ਕਿਸੇ ਨਾਲ ਘਿਰਣਾ ਕਰਦੀ ਹੈ ਤਦ ਸੰਗਤ ਦਾ ਨੁਕਸਾਨ ਹੁੰਦਾ ਹੈ। ਜਿਸ ਜੀਵ ਨਾਲ ਘਿਰਣਾ ਹੁੰਦੀ ਹੈ ਅਗਰ ਉਹ ਖੁਸ਼ ਰਹੇ ਕਿ ਕੋਈ ਗੱਲ ਨਹੀਂ ਤਦ ਉਹ ਜੀਵ ਖੁਸ਼ੀਆਂ ਲੈ ਜਾਂਦਾ ਹੈ ਪਰ ਜੇਕਰ ਉਹ ਵੀ ਘਿਰਣਾ ਕਰਨ ਵਾਲਿਆਂ ਦਾ ਬੁਰਾ ਮੰਗੇ ਤਦ ਉਸ ਜੀਵ ਦਾ ਵੀ ਨੁਕਸਾਨ ਹੁੰਦਾ ਹੈ।

**ਸੰਤਨ ਸਿਉ ਹਮ ਲਾਹਾ ਖਾਟਿਆ**
**ਹਰਿ ਭਗਤਿ ਭਰੇ ਭੰਡਾਰਾ॥ ੨॥**

ਸੰਤਾਂ ਕੋਲ ਜਾ ਕੇ ਭਗਤੀ ਦਾ ਭੰਡਾਰ ਪ੍ਰਾਪਤ ਕਰੋ, ਲਾਹਾ ਖੱਟੋ। ਬਾਕੀ ਚੀਜਾਂ ਨੂੰ ਕਿਸੇ ਗਿਣਤੀ ਵਿੱਚ ਨਾ ਲਿਆਇਓ।

**ਸੰਤਨ ਮੋਕਉ ਪੂੰਜੀ ਸਉਪੀ**
**ਤਉ ਉਤਰਿਆ ਮਨ ਕਾ ਧੋਖਾ॥**

ਸੰਤਾਂ ਨੇ ਮੈਨੂੰ ਨਾਮ ਦਾ ਖਜਾਨਾ, ਪੂੰਜੀ ਬਖਸ਼ ਦਿੱਤੀ ਫੇਰ ਕਾਲ ਮਨ ਨੂੰ ਜੋ ਧੋਖਾ ਦਿੰਦਾ ਸੀ ਉਹ ਖਤਮ ਹੋ ਗਿਆ।

**ਧਰਮ ਰਾਇ ਅਬ ਕਹਾ ਕਰੈਗੋ**
**ਜਉ ਫਾਟਿਓ ਸਗਲੋ ਲੇਖਾ॥ ੩॥**

ਹਜ਼ੂਰ ਫੁਰਮਾਉਂਦੇ ਹਨ ਕਿ ਸੰਤ ਜੀਵ ਦੇ ਸਾਰੇ ਲੇਖੇ ਪਾੜ ਦਿੰਦੇ ਹਨ ਅਤੇ ਧਰਮਰਾਜ ਉੱਥੇ ਕੁਝ ਨਹੀਂ ਕਰ ਸਕਦਾ।

**ਮਹਾ ਅਨੰਦ ਭਏ ਸੁਖੁ ਪਾਇਆ**
**ਸੰਤਨ ਕੈ ਪਰਸਾਦੇ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਮੈਂ ਸੰਤਾਂ ਦੇ ਬਚਨਾਂ ਨੂੰ ਸਤਿ ਕਰਕੇ ਮੰਨਿਆ ਤਦ ਮੈਨੂੰ ਬਹੁਤ ਹੀ ਅਨੰਦ, ਖੁਸ਼ੀਆਂ ਅਤੇ ਖੇੜੇ ਪ੍ਰਾਪਤ ਹੋਏ।

**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ**
**ਰੰਗਿ ਰਤੇ ਬਿਸਮਾਦੇ॥ ੪॥ ੮॥ ੧੯॥**

ਮਾਲਿਕ ਨੇ ਮੈਨੂੰ ਐਸਾ ਰੰਗ ਚਾੜ੍ਹ ਦਿੱਤਾ ਜੋ ਉੱਤਰ ਨਹੀਂ ਸਕਦਾ।

*ਸੂਰਦਾਸ ਕਾਲੀ ਕੰਬਲੀਆ ਚੜ੍ਹੇ ਨਾ ਦੂਜਾ ਰੰਗ।*

ਜਦੋਂ ਮਾਲਿਕ ਇੱਕ ਵਾਰ ਨਾਮ ਦਾ ਰੰਗ ਚਾੜ੍ਹ ਦਿੰਦੇ ਹਨ ਫੇਰ ਧੀਆਂ, ਪੁੱਤਰ, ਪਤੀ, ਪਤਨੀ, ਰਿਸ਼ਤੇਦਾਰ ਜੋ ਮਰਜੀ ਕਰ ਲੈਣ ਉਹ ਰੰਗ ਨਾ ਹੀ ਉਤਰਦਾ ਹੈ ਅਤੇ ਨਾ ਹੀ ਮੈਲਾ ਹੁੰਦਾ ਹੈ। ਗੁਰਬਾਣੀ ਵਿੱਚ ਦਰਜ ਹੈ ਕਿ

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥ ੧॥*
*(ਅੰਗ 808)*

ਉਸ ਰੰਗ ਨੂੰ ਕੋਈ ਦਾਗ ਵੀ ਨਹੀਂ ਲੱਗ ਸਕਦਾ।

# ਸਤਿਸੰਗ

**॥ ਧਨਾਸਰੀ ਮਹਲਾ ੧॥ (ਅੰਗ 662)**

**ਕਾਇਆ ਕਾਗਦੁ ਮਨੁ ਪਰਵਾਣਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਜੀ ਨੇ ਗੁਰਬਾਣੀ ਵਿੱਚ ਬਹੁਤ ਹੀ ਭੇਦ ਬਖਸ਼ਿਆ ਹੈ।

ਹੁਣ ਸਾਰੇ ਮੰਤਰੀ ਕਹਿੰਦੇ ਹਨ ਕਿ ਸਾਡੇ ਕਿਤੇ ਜਾਣ ਤੋਂ ਪਹਿਲਾਂ ਹੀ ਉਥੇ ਬਹੁਤ ਵੱਡਾ ਇਕੱਠ ਹੋਵੇ ਅਤੇ ਲੋਕ ਸਾਡੀਆਂ ਗੱਲਾਂ ਸੁਣਨ। ਪਰ ਅਜੱਕੱਲ ਕਿਸੇ ਕੋਲ ਵੀ ਐਨਾ ਟਾਈਮ ਨਹੀਂ ਹੈ ਕਿ ਉਹ ਕਿਸੇ ਦੀ ਗੱਲ ਸੁਣੇ। ਪਰ ਅਸੀਂ ਦੇਖਿਆ ਹੈ ਕਿ ਜੀਵ ਨੂੰ ਆਪਣੀ ਗੱਲ ਜਾਂ ਗੁਰੂ ਦੀ ਕਥਾ ਸੁਣਾਈ ਜਾਣੀ ਚਾਹੀਦੀ ਹੈ। ਉਸ ਨੂੰ ਇਹ ਸੋਚ ਕੇ ਆਪਣੇ ਕੰਮ ਵਿੱਚ ਰੁਕਾਵਟ ਨਹੀਂ ਪਾਉਣੀ ਚਾਹੀਦੀ ਕਿ ਕੋਈ ਉਸ ਦੀ ਗੱਲ ਸੁਣਨ ਲਈ ਖੜਾ ਕਿਉਂ ਨਹੀਂ ਹੋ ਰਿਹਾ? ਉਸ ਨੂੰ ਆਪਣੀ ਕਥਾ ਸੁਣਾਈ ਜਾਣੀ ਚਾਹੀਦੀ ਹੈ ਜਿਹਨਾਂ ਨੂੰ ਉਹ ਕਥਾ ਚੰਗੀ ਲੱਗੇਗੀ ਉਹਨਾਂ ਨੇ ਆਪਣੇ ਆਪ ਹੀ ਸੁਣਨ ਵਾਸਤੇ ਰੁਕ ਜਾਣਾ ਹੈ ਅਤੇ ਉੱਥੇ ਕਾਫਲਾ ਬਣ ਜਾਣਾ ਹੈ। ਇਸੇ ਕਰਕੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਾਰ ਉਦਾਸੀਆਂ ਸਮੇਂ

ਸਫ਼ਰ ਵੀ ਕੀਤਾ ਗੁਰੂ ਦੀਆਂ ਗੱਲਾਂ ਅਤੇ ਸਾਖੀਆਂ ਸੁਣਾ ਕੇ ਲੋਕਾਂ ਨੂੰ ਆਪਣੇ ਨਾਲ ਜੋੜਿਆ ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਲੋਕਾਂ ਨੇ ਉਂਝ ਇੱਧਰ ਨਹੀਂ ਤੁਰਨਾ। ਗੁਰੂਆਂ ਪੀਰਾਂ ਨੇ ਲੋਕਾਂ ਨੂੰ ਮੁਸੀਬਤਾਂ 'ਚੋਂ ਕੱਢਣ ਵਾਸਤੇ ਵਿਚਾਰਾਂ ਦਿੱਤੀਆਂ ਅਤੇ ਲੋਕ ਉਹਨਾਂ ਨਾਲ ਜੁੜ ਗਏ।

ਹੁਣ ਜਿਸ ਤਰ੍ਹਾਂ ਇੱਕ ਕਾਗਜ ਹੈ। ਉਸ ਉੱਪਰ ਕੋਈ ਸ਼ਾਹੀ ਫੁਰਮਾਨ ਹੋਵੇ, ਬਾਦਸ਼ਾਹ ਦਾ ਹੁਕਮ ਆਇਆ ਹੋਵੇ, ਕਿਸੇ ਜੀਵ ਦੀ ਪ੍ਰਮੋਸ਼ਨ ਹੋਈ ਹੋਵੇ। ਅਗਰ ਉਸ ਕਾਗਜ ਉੱਪਰ ਪਾਣੀ ਪੈ ਕੇ ਉਹ ਭਿੱਜ ਜਾਵੇਗਾ ਤਦ ਉਸ ਫੁਰਮਾਨ ਦਾ ਪਤਾ ਨਹੀਂ ਲੱਗੇਗਾ। ਇਸ ਤਰ੍ਹਾਂ ਹਜ਼ੂਰ ਨੇ ਸਾਡੀ ਇਹ ਕਾਗਜ ਰੂਪੀ ਦੇਹ ਬਣਾ ਦਿੱਤੀ ਹੈ, ਮਾਨਸ ਜਨਮ ਦੇ ਦਿੱਤਾ ਹੈ ਅਤੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ ਕੰਨਾਂ ਨਾਲ ਗੁਰਬਾਣੀ ਸੁਣੋ, ਜੁਬਾਨ ਨਾਲ ਗੁਰਬਾਣੀ ਦੀ ਸੋਭਾ ਕਰੋ, ਕਦੇ ਕਿਸੇ ਨੂੰ ਫਿੱਕਾ ਨਾ ਬੋਲੋ। ਪਰ ਜੇਕਰ ਅਸੀਂ ਗੁਰਬਾਣੀ ਉੱਪਰ ਅਮਲ ਕਰਕੇ ਭਗਤੀ, ਬੰਦਗੀ, ਪਾਠ, ਸਿਮਰਨ ਨਹੀਂ ਕਰਦੇ ਅਤੇ ਸਾਡੀ ਮੌਤ ਹੋ ਜਾਂਦੀ ਹੈ ਤਦ ਸਾਡਾ ਮਾਨਸ ਜਨਮ ਉਸ ਕਾਗਜ ਦੇ ਫੁਰਮਾਨ ਵਾਂਗ ਔਂਤਰ ਹੀ ਜਾਂਦਾ ਹੈ। ਜਿਸ ਕੰਮ ਵਾਸਤੇ ਹਜ਼ੂਰ ਨੇ ਮਾਨਸ ਜਨਮ ਬਖਸ਼ਿਆ ਹੈ ਤੁਸੀਂ ਉਸ ਉੱਪਰ ਇੱਕ ਵਾਰ ਚੱਲ ਕੇ ਦੇਖ ਲਵੋ ਕਿ ਬੰਦਗੀ ਕਰਨ ਨਾਲ ਕੋਈ ਲਾਭ ਹੁੰਦਾ ਹੈ ਜਾਂ ਨਹੀਂ।

**ਸਿਰ ਕੇ ਲੇਖ ਨ ਪੜੇ ਇਆਣਾ॥**

ਸਾਡੇ ਨੇੜੇ ਕਾਗਜ ਪਿਆ ਰਹਿੰਦਾ ਹੈ ਪਰ ਅਸੀਂ ਉਸ ਨੂੰ ਪੜ੍ਹਨ ਲਈ ਤਿਆਰ ਨਹੀਂ ਹੁੰਦੇ। ਕਈ ਵਾਰ ਚਿੱਠੀਆਂ ਲੈਟਰ ਬਾਕਸ ਵਿੱਚ ਹੀ ਪਈਆਂ ਰਹਿ ਜਾਂਦੀਆਂ ਹਨ ਅਤੇ ਜੀਵ ਨੂੰ ਵਧੀਆ ਦਾਤਾਂ ਮਿਲਣੀਆਂ ਹੁੰਦੀਆਂ ਹਨ ਪਰ ਉਹ ਦੇਖਦਾ ਹੀ ਨਹੀਂ ਹੈ। ਕਈਆਂ ਦੀ ਲਾਟਰੀ ਨਿਕਲੀ ਹੁੰਦੀ ਹੈ ਪਰ ਉਹ ਚਿੱਠੀ ਪੜ੍ਹਦੇ ਹੀ ਨਹੀਂ ਹਨ। ਇਸੇ ਤਰ੍ਹਾਂ ਇਹ ਦੇਹ ਸਾਡੇ ਕੋਲ ਹੈ ਪਰ ਅਸੀਂ ਇਸ ਨੂੰ ਪੜ੍ਹ ਕੇ ਨਹੀਂ ਦੇਖਦੇ ਕਿ ਸਾਡੇ ਹੱਕ ਵਿੱਚ ਕੋਈ ਚੀਜ ਆਈ ਹੈ ਜਾਂ ਨਹੀਂ।

**ਦਰਗਹ ਘੜੀਅਹਿ ਤੀਨੇ ਲੇਖ॥**

ਪਿਛਲੇ ਜਨਮਾਂ ਦੇ ਕਰਮਾਂ ਸਦਕਾ ਦਰਗਾਹ ਵਿੱਚ ਜੀਵ ਦੇ ਵਧੀਆ ਲੇਖ ਲਿਖੇ ਹੁੰਦੇ ਹਨ।

*ਕਿਛ ਕਰਨੀ ਕਿਛ ਕਰਮਗਤ*

*ਕਿਛ ਪੂਰਬ ਲਿਖੇ ਕਾ ਲੈਣਾ॥*

ਮਾਲਿਕ ਨੇ ਸਾਡੇ ਲੇਖ ਵਧੀਆ ਲਿਖੇ ਹੁੰਦੇ ਹਨ ਪਰ ਅਸੀਂ ਉਹਨਾਂ ਲੇਖਾਂ ਨੂੰ ਇਸਤੇਮਾਲ ਨਹੀਂ ਕਰਦੇ, ਉਹਨਾਂ ਨੂੰ ਪੜਦੇ ਹੀ ਨਹੀਂ ਹਾਂ।

**ਖੋਟਾ ਕਾਮਿ ਨ ਆਵੈ ਵੇਖੁ॥ ੧॥**

ਅਸੀਂ ਖੋਟਿਆਂ ਕੰਮਾਂ ਅਰਥਾਤ ਗ੍ਰਿਹਸਤੀ ਜੀਵਨ ਵਿੱਚ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਧੰਨ-ਦੌਲਤ, ਧੀਆਂ, ਪੁੱਤਰ, ਪਤੀ, ਪਤਨੀ ਜਾਂ ਰਿਸ਼ਤੇਦਾਰੀਆਂ ਦੇ ਮੋਹ ਵਿੱਚ ਫਸ ਕੇ ਅਸਲੀ ਬਖਸ਼ਿਸ਼ ਨੂੰ ਛੱਡੀ ਬੈਠੇ ਹਾਂ।

**ਨਾਨਕ ਜੇ ਵਿਚਿ ਰੁਪਾ ਹੋਇ॥**

**ਖਰਾ ਖਰਾ ਆਖੈ ਸਭੁ ਕੋਇ॥ ੧॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਉਸ ਕਾਗਜ ਦੀ ਜਗ੍ਹਾ ਕੋਈ ਚਾਂਦੀ ਦਾ ਸਿੱਕਾ ਹੋਵੇ ਤਦ ਉਸ ਉੱਪਰ ਪਾਣੀ ਕੋਈ ਅਸਰ ਨਹੀਂ ਕਰਦਾ। ਇਸੇ ਤਰ੍ਹਾਂ ਮਨੁੱਖ ਦੀ ਦੇਹੀ ਕਿਸੇ ਸੰਤਾਂ ਦੀ ਸੰਗਤ ਵਿੱਚ ਜਾ ਕੇ ਪਵਿੱਤਰ ਹੋ ਜਾਵੇ, ਚਾਂਦੀ ਬਣ ਜਾਵੇ ਜਾਂ ਸਾਧੂ ਪਾਰਸ ਹੁੰਦੇ ਹਨ ਉਹਨਾਂ ਨੂੰ ਛੂਹਣ ਨਾਲ ਸੋਨਾ ਬਣ ਜਾਵੇ ਫੇਰ ਚਾਹੇ ਉਹ ਚਿੱਕੜ ਵਿੱਚ ਪਿਆ ਰਹੇ ਜਾਂ ਪਾਣੀ ਵਿੱਚ ਜਾਂ ਖਜ਼ਾਨੇ ਵਿੱਚ ਪਿਆ ਰਹੇ, ਉਹ ਜੀਵ ਜਦੋਂ ਵੀ ਉਸ ਨੂੰ ਚੁੱਕੇਗਾ ਜਾਂ ਅਗਾਂਹ ਔਲਾਦ ਵੀ ਜਦੋਂ ਚੁੱਕੇਗੀ ਉਹਨਾਂ ਨੂੰ ਫਾਇਦਾ ਹੋਵੇਗਾ। ਫੇਰ ਕਹਿੰਦੇ ਹਨ ਕਿ ਇਹ ਪੂਰਾ ਖਰਾ ਹੈ, ਬਿਲਕੁੱਲ ਸ਼ੁਧ ਚੌਵੀ ਕੈਰੇਟ ਦਾ ਸੋਨਾ ਹੈ, ਹੁਣ ਇਸ ਜੀਵ ਵਿੱਚ ਕੋਈ ਖੋਟ ਨਹੀਂ ਹੈ। ਨਾਮ ਦਾ ਸਿਮਰਨ ਕਰਨਾ, ਅਖੰਡ ਪਾਠ ਕਰਵਾਉਣਾ ਜਾਂ ਯਸ਼, ਕੀਰਤਨ ਕਰਾਉਣਾ ਅਸਲੀ ਸੋਨਾ ਹੈ ਜੋ ਕਿ ਕਦੇ ਵੀ ਵਿਅਰਥ ਨਹੀਂ ਜਾਂਦਾ।

## ਸਤਿਸੰਗ

**ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ॥੨॥**

**(ਅੰਗ 871)**

**॥ ਗੋਂਡ॥ ਤੂਟੇ ਤਾਗੇ ਨਿਖੁਟੀ ਪਾਨਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਕਬੀਰ ਸਾਹਿਬ ਜੀ ਪੂਰਨ ਸੰਤ ਸਤਿਗੁਰੂ ਜਿਹਨਾਂ ਦੇ ਜਨਮ ਬਾਰੇ ਕਿਸੇ ਨੂੰ ਪਤਾ ਨਹੀਂ ਕਿ ਕਿਸ ਕੁਲ ਵਿੱਚ ਹੋਇਆ। ਜੋ ਉਹਨਾਂ ਦੇ ਮਾਤਾ ਪਿਤਾ ਸਨ ਉਹ ਮੁਸਲਮਾਨ ਸਨ। ਉਹ ਮਸਜਿਦ ਵਿੱਚ ਗਏ ਤਾਂ ਰਸਤੇ ਵਿੱਚ ਉਹਨਾਂ ਨੂੰ ਕੱਪੜੇ ਵਿੱਚ ਲਪੇਟਿਆ ਹੋਇਆ ਬੱਚਾ ਮਿਲਿਆ। ਉਹ ਚੁੱਕ ਕੇ ਘਰ ਲੈ ਆਏ ਅਤੇ ਉਸ ਬੱਚੇ ਦੀ ਪਰਵਰਿਸ਼ ਕੀਤੀ। ਉਹ ਜਾਤ ਦੇ ਜੁਲਾਹੇ ਸਨ ਇਸ ਕਰਕੇ ਹਜ਼ੂਰ ਕਬੀਰ ਸਾਹਿਬ ਜੀ ਵੀ ਜਾਤ ਦੇ ਜੁਲਾਹੇ ਅਖਵਾਏ। ਆਪ ਤਾਣੀਆਂ ਉਣਦੇ ਸਨ। ਹਜ਼ੂਰ ਕਬੀਰ ਸਾਹਿਬ ਜੀ ਫੁਰਮਾਨ ਕਰ ਰਹੇ ਹਨ ਕਿ ਜੁਲਾਹਿਆਂ ਨੂੰ ਹੀ ਤਜਰਬਾ

ਹੁੰਦਾ ਹੈ ਕਿ ਜਦੋਂ ਤੰਦ ਟੁੱਟ ਜਾਂਦਾ ਹੈ ਉਸ ਨੂੰ ਕਿਵੇਂ ਗੰਢਣਾ ਹੈ। ਜਾਂ ਉਲਝਣਾ ਤੋਂ ਕਿਵੇਂ ਬਚਾਉਣਾ ਹੈ। ਬੰਦੇ ਨੂੰ ਪਾਣ ਚੜ੍ਹੀ ਹੁੰਦੀ ਹੈ ਅਰਥਾਤ ਤਜਰਬਾ ਹੋਇਆ ਹੁੰਦਾ ਹੈ। ਇੱਕ ਧਾਗੇ ਨੂੰ ਪਾਣ ਚੜ੍ਹਦੀ ਹੈ ਇੱਕ ਬੰਦੇ ਨੂੰ ਵੀ ਤਜਰਬੇ ਦੀ ਪਾਣ ਚੜ੍ਹਦੀ ਸੀ।

ਅਸੀਂ ਕਹਿੰਦੇ ਹਾਂ ਮਹਾਤਮਾ ਗਾਂਧੀ ਨੇ ਜੋ ਚਰਖਾ ਕੱਤਣ ਬਾਰੇ ਕਿਹਾ ਸੀ ਉਹ ਬਹੁਤ ਵਧੀਆ ਗੱਲ ਸੀ। ਚਰਖਾ ਕੱਤਣ ਨਾਲ ਡਿਪਰੈੱਸ਼ਨ ਖਤਮ ਹੁੰਦਾ ਹੈ। ਇਸ ਕਰਕੇ ਸੰਗਤ ਦੇ ਜੀਵ ਰਲ ਕੇ ਹਰ ਪਿੰਡ ਵਿੱਚ ਦੋ ਚਾਰ ਚਰਖੇ ਖਰੀਦ ਲਿਆ ਕਰੋ। ਜਿਸ ਬੀਬੀ ਜਾਂ ਪੁਰਸ਼ ਨੂੰ ਡਿਪਰੈੱਸ਼ਨ ਦੀ ਬੀਮਾਰੀ ਹੈ ਉਸ ਨੂੰ ਸੂਤ ਕੱਤਣਾ ਚਾਹੀਦਾ ਹੈ। ਜਦੋਂ ਉਹ ਸੂਤ ਕੱਤਣਗੇ ਉਹਨਾਂ ਦਾ ਮਨ ਇਕਾਗਰ ਚਿੱਤ ਹੋ ਕੇ ਸੂਤ ਵੱਲ ਹੋਵੇਗਾ ਕਿ ਕਿਤੇ ਤੰਦ ਟੁੱਟ ਨਾ ਜਾਵੇ। ਫੇਰ ਜਿੱਥੇ ਮਰਜੀ ਕਾਗਜ ਉੱਪਰ ਮੋਹਰ ਜਾਂ ਸਾਡੀਆਂ ਦਸੇ ਉਂਗਲਾਂ ਲਗਵਾ ਲਵੋ ਕਿ ਉਸ ਜੀਵ ਦਾ ਡਿਪਰੈੱਸ਼ਨ ਨਹੀਂ ਰਹਿ ਸਕਦਾ। ਡਿਪਰੈੱਸ਼ਨ ਵਾਲੇ ਜੀਵ ਗੋਲੀਆਂ ਖਾ ਖਾ ਕੇ ਸੌਂਦੇ ਹਨ ਪਰ ਨੀਂਦ ਨਹੀਂ ਆਉਂਦੀ। ਸਾਡੇ ਕੋਲ ਵੀ ਬਹੁਤ ਸਾਰੀ ਸੰਗਤ ਆ ਕੇ ਕਹਿੰਦੀ ਹੈ ਕਿ ਇਸ ਲੜਕੀ ਨੂੰ ਪਤਾ ਨਹੀਂ ਕੀ ਹੋ ਜਾਂਦਾ ਹੈ। ਅਸੀਂ ਕਹਿੰਦੇ ਹਾਂ ਕਿ ਸਬੱਬ ਨਾਲ ਇਹ ਬਚਨ ਆਏ ਹਨ ਜਿਸ ਤਰ੍ਹਾਂ ਨਿੰਮ ਬਾਰੇ ਬਚਨ ਆਏ ਸਨ ਇਹਨਾਂ ਬਚਨਾਂ ਨੂੰ ਵੀ ਮੰਨ ਕੇ ਦੇਖ ਲਵੋ। ਕਿਰਪਾ ਕਰਕੇ ਪਿੰਡ ਵਿੱਚ ਇੱਕ ਇੱਕ ਚਰਖਾ ਖਰੀਦ ਲਵੋ। ਅਗਰ ਪਿੰਡਾਂ ਵਾਲੇ ਸੋਚਦੇ ਹਨ ਕਿ ਚਰਖਾ ਕੀ ਲੈਣਾ ਹੈ ਤਦ ਅਸੀਂ ਇਥੇ ਚਰਖਾ ਬਣਵਾ ਕੇ ਪਿੰਡਾਂ ਵਾਲਿਆਂ ਨੂੰ ਇੱਕ ਇੱਕ ਦੇ ਦਿਆਂਗੇ ਤਾਂ ਕਿ ਜੋ ਲੋਕ ਡਿਪਰੈੱਸ਼ਨ ਵਿੱਚ ਹਨ ਉਹ ਖੁਦਕਸ਼ੀਆਂ ਕਰਕੇ ਘਰਦਿਆਂ ਨੂੰ ਵਖਤ ਤਾਂ ਨਾ ਪਾਉਣ। ਜੋ ਜੀਵ ਡਿਪਰੈੱਸ਼ਨ ਵਿੱਚ ਹੁੰਦਾ ਹੈ ਉਹ ਦੂਸਰਿਆਂ ਨੂੰ ਵੀ ਕੰਮ ਨਹੀਂ ਕਰਨ ਦਿੰਦਾ ਅਤੇ ਰੌਲਾ ਪਾਈ ਜਾਵੇਗਾ ਕਿ ਮੇਰੇ ਕੋਲ ਆ ਜਾਵੋ, ਮੈਂ ਕਿਹੜਾ ਬਹੁਤੇ ਦਿਨ ਹਾਂ, ਮੈਂ ਚਲੇ ਹੀ ਜਾਣਾ ਹੈ, ਮੇਰੇ ਕੋਲੋਂ ਕਿਉਂ ਡਰਦੇ ਹੋ? ਅਗਰ ਇੱਕ-ਇੱਕ ਚਰਖਾ ਦਿੱਤਿਆਂ ਸੰਗਤ ਦੀਆਂ ਬਿਮਾਰੀਆਂ ਹਟ ਜਾਣ ਤਾਂ ਹੋਰ ਕੀ ਚਾਹੀਦਾ ਹੈ? ਕਿਉਂਕਿ ਹਸਪਤਾਲਾਂ ਦੀਆਂ ਦਵਾਈਆਂ ਬਹੁਤ ਮਹਿੰਗੀਆਂ ਹਨ ਅਤੇ ਖਾਣੀਆਂ ਵੀ ਔਖੀਆਂ ਹਨ। ਇਸ ਕਰਕੇ ਡਿਪਰੈੱਸ਼ਨ ਵਾਲੇ ਜੀਵ ਨੂੰ ਜਰੂਰ ਚਰਖਾ ਕੱਤਣਾ ਚਾਹੀਦਾ ਹੈ।

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਦੋ ਕੰਮ ਹੋਈ ਜਾਂਦੇ ਹਨ ਇੱਕ ਮੈਨੂੰ ਰੁਜਗਾਰ ਮਿਲਿਆ ਅਤੇ ਦੂਸਰਾ, ਉਸ ਮਾਲਿਕ ਨਾਲ ਲਗਨ ਲੱਗੀ ਰਹਿੰਦੀ ਹੈ।

**ਦੁਆਰ ਊਪਰਿ ਝਿਲਕਾਵਹਿ ਕਾਨ॥**

ਫੇਰ ਸੂਤ ਨੂੰ ਕੱਤ ਕੇ ਦੀਵਾਰਾਂ ਉੱਪਰ ਅਤੇ ਰੱਸੀਆਂ ਬੰਨ੍ਹ ਕੇ ਉਹਨਾਂ ਉੱਪਰ ਪਾ ਕੇ ਸੁਕਾਉਂਦੇ ਸਨ। ਉਹ ਸਾਰਾ ਕੰਮ ਬੜੇ ਤਰੀਕੇ ਨਾਲ ਕਰਦੇ ਸਨ।

**ਕੂਚ ਬਿਚਾਰੇ ਫੂਏ ਫਾਲ॥**

ਹਜ਼ੂਰ ਜੁਲਾਹਿਆਂ ਦੇ ਤਰੀਕੇ ਬਾਰੇ ਦੱਸ ਰਹੇ ਹਨ ਕਿ ਉਹ ਤਾਣੀ ਲਾ ਕੇ ਉਸ ਉੱਪਰ ਕੂਚਾ (ਕੁੱਚ) ਮਾਰਦੇ ਸਨ ਤਾਂਕਿ ਸਾਰੇ ਤੰਦਾਂ ਵਿੱਚ ਕੋਈ ਵੱਟ ਨਾ ਰਹਿ ਜਾਵੇ। ਇਸੇ ਤਰ੍ਹਾਂ ਹਜ਼ੂਰ ਮਨ ਦੀ ਸੋਝੀ ਵਾਸਤੇ ਫੁਰਮਾਨ ਕਰ ਰਹੇ ਹਨ ਕਿ ਮਨ ਨੂੰ ਇਸ ਤਰ੍ਹਾਂ ਵਲ ਕੱਢ ਕੇ ਸਿਧਾ ਕਰੋ।

**ਇਆ ਮੁੰਡੀਆ ਸਿਰਿ ਚਢਿਬੋ ਕਾਲ॥ ੧॥**

ਫੇਰ ਜਿਸ ਮੁੰਡੇ ਦੀ ਕਾਰੀਗਰ ਦੇ ਘਰ ਵਿੱਚ ਪਰਵਰਿਸ਼ ਹੁੰਦੀ ਹੈ ਉਹ ਆਹਿਸਤਾ-ਆਹਿਸਤਾ ਅੱਛਾ ਕਾਰੀਗਰ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਪਰਿਵਾਰ ਦਾ ਰੁਜਗਾਰ ਅਤੇ ਸਹਾਰਾ ਬਣ ਜਾਂਦਾ ਹੈ। ਉਹ ਛੋਟੇ ਹੁੰਦੇ ਤੋਂ ਆਪਣੇ ਬਜੁਰਗਾਂ ਨੂੰ ਕੰਮ ਕਰਦੇ ਦੇਖ ਕੇ ਕੰਮ ਸਿੱਖ ਲੈਂਦਾ ਹੈ। ਇਸੇ ਤਰ੍ਹਾਂ ਗੁਰਸਿੱਖ ਵੀ ਸਿੱਧਾ ਸੰਤ, ਮਹਾਂਪੁਰਖ ਨਹੀਂ ਬਣ ਸਕਦਾ। ਉਹ ਆਹਿਸਤਾ ਆਹਿਸਤਾ ਸੰਗਤ ਵਿੱਚ ਬੈਠ ਕੇ ਸੰਗਤ ਕੋਲੋਂ ਗੁਰਬਾਣੀ ਦੇ ਬਚਨ ਸੁਣੇ ਉਸ ਉੱਪਰ ਅਸਰ ਹੋਵੇ। ਜਿਸ ਤਰ੍ਹਾਂ ਬਾਣੀਆਂ ਆਪਣੇ ਲੜਕੇ ਨੂੰ ਕਹਿੰਦਾ ਹੈ ਕਿ ਤੂੰ ਸਕੂਲੋਂ ਆ ਕੇ ਮੇਰੇ ਕੋਲ ਦੁਕਾਨ ਉੱਪਰ ਬੈਠ ਕੇ ਦੇਖੀਂ ਕਿ ਮੈਂ ਤੱਕੜੀ ਜਾਂ ਵੱਟਿਆਂ ਨੂੰ ਕਿਵੇਂ ਵਰਤਦਾ ਹਾਂ। ਫੇਰ ਬਾਣੀਆਂ ਆਪਣੀ ਵਹੀ ਵਿੱਚ ਲੋਕਾਂ ਦਾ ਜੋ ਹਿਸਾਬ ਕਿਤਾਬ ਲਿਖਦਾ ਹੈ ਉਸ ਨੂੰ ਸਹੀ ਭਾਸ਼ਾ ਵਿੱਚ ਨਾ ਲਿਖ ਕੇ ਲੰਡਿਆਂ ਵਿੱਚ ਲਿਖਦਾ ਹੈ। ਉਸ ਦੀ ਭਾਸ਼ਾ ਨੂੰ ਉਸ ਦੇ ਬੱਚੇ ਹੀ ਪੜ੍ਹ ਸਕਦੇ ਹਨ ਹੋਰ ਕੋਈ ਨਹੀਂ ਪੜ੍ਹ ਸਕਦਾ। ਗੁਰਬਾਣੀ ਵਿੱਚ ਕਾਲ ਨੂੰ ਵੀ ਬਾਣੀਆ ਕਿਹਾ ਗਿਆ ਹੈ। ਉਹ ਜੀਵ ਨੂੰ ਬਹੁਤ ਘੁਮਾਟੜੀ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀਏ ਦਾ ਜਿਕਰ ਆਉਂਦਾ ਹੈ ਕਿ

*ਪਾਪ ਕਰੇਦੜ ਸਰਪਰ ਮੁਠੇ॥*
*ਅਜਰਾਈਲਿ ਫੜੇ ਫੜਿ ਕੁਠੇ॥*
*ਦੋਜਕਿ ਪਾਏ ਸਿਰਜਣਹਾਰੈ*
*ਲੇਖਾ ਮੰਗੈ ਬਾਣੀਆ॥ ੨॥ (ਅੰਗ 1019-20)*

ਫੇਰ ਬਾਣੀਏ ਨੇ ਮੁਨੀਮ ਰੱਖਿਆ ਹੁੰਦਾ ਸੀ। ਉਹ ਕਹਿੰਦਾ ਸੀ ਕਿ ਵਹੀ ਕਹਿੰਦੀ ਹੈ ਕਿ

*ਪਹਿਲਾਂ ਲਿਖ ਤੇ ਪਿੱਛੋਂ ਦੇ। ਘਾਟਾ ਪਏ ਤਾਂ ਵਹੀ ਤੋਂ ਲੇ।*

ਕਿ ਜੋ ਪੈਸੇ ਦੇਣੇ ਹਨ ਉਹਨਾਂ ਨੂੰ ਵਹੀ ਵਿੱਚ ਪਹਿਲਾਂ ਲਿਖ ਕੇ ਸਾਈਨ ਕਰਵਾ ਲੈ ਫੇਰ ਪੈਸੇ ਦੇਵੀਂ। ਇੰਝ ਘਾਟਾ ਨਹੀਂ ਪੈ ਸਕਦਾ। ਇਸੇ ਤਰ੍ਹਾਂ ਜਿਹੜੇ ਜੀਵ ਭਗਤੀ ਵਿੱਚ ਆਉਣਾ ਚਾਹੁੰਦੇ ਹਨ ਉਹਨਾਂ ਨੂੰ ਪਹਿਲਾਂ ਸਿੱਖਿਆ ਲੈਣੀ ਪੈਣੀ ਹੈ ਕਿ ਕਿਸ ਤਰ੍ਹਾਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਜੀਵ ਨੂੰ ਧੋਖਾ

ਦਿੰਦੇ ਹਨ। ਸੋਈ ਸੰਤਾਂ ਸਾਧੂਆਂ ਦੀ ਹਰ ਗੱਲ ਵਿਚ ਰਾਜ ਹੁੰਦਾ ਹੈ।

*ਜਿਉਂ ਕੇਲੇ ਕੇ ਪਾਤ, ਪਾਤ ਮੇਂ ਪਾਤ।*
*ਤਿਉਂ ਸਾਧੂ ਕੀ ਬਾਤ, ਬਾਤ ਮੇਂ ਬਾਤ।*

ਕੇਲੇ ਦੇ ਦਰੱਖਤ ਵਿੱਚ ਲੱਕੜ ਨਹੀਂ ਹੁੰਦੀ ਪਰ ਉਸ ਦਾ ਫਲ ਬਹੁਤ ਮਿੱਠਾ ਹੁੰਦਾ ਹੈ। ਉਹ ਬਹੁਤ ਗੁਣਵਾਨ ਹੁੰਦਾ ਹੈ। ਇੱਕ ਬੰਦਾ ਇੱਕ ਕੇਲਾ ਖਾ ਲਵੇ ਤਾਂ ਵੱਡੀ ਗੁਲੂਕੋਜ਼ ਦੀ ਬੋਤਲ ਚੜਾਉਣ ਨਾਲ ਜਿੰਨੀ ਅਨਰਜੀ ਆਉਂਦੀ ਹੈ ਓਨੀ ਇੱਕ ਕੇਲਾ ਖਾਣ ਨਾਲ ਆਉਂਦੀ ਹੈ। ਅੰਗਰੇਜ ਲੋਕ ਬ੍ਰੇਕਫਾਸਟ ਵਿੱਚ ਇੱਕ ਬਰੈਡ ਦਾ ਪੀਸ ਅਤੇ ਇੱਕ ਕੇਲਾ ਖਾਂਦੇ ਹਨ ਅਤੇ ਅਸੀਂ ਪਰੌਂਠੇ ਖਾਂਦੇ ਹਾਂ। ਪਰ ਅੰਗਰੇਜ ਖਾਣੇ ਵਿੱਚ ਸਾਡੇ ਨਾਲੋਂ ਵੱਧ ਅਨਰਜੀ ਲੈਂਦੇ ਹਨ ਅਤੇ ਉਹਨਾਂ ਦਾ ਸਰੀਰ ਵੀ ਬਹੁਤ ਫਿੱਟ ਰਹਿੰਦਾ ਹੈ। ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਿੰਨੀ ਘੱਟ ਅਤੇ ਕਿਹੜੀ ਖੁਰਾਕ ਖਾਣ ਨਾਲ ਅਸੀਂ ਸਲਿਮ ਵੀ ਰਹਿ ਸਕਦੇ ਹਾਂ ਅਤੇ ਠੀਕ ਵੀ ਰਹਿੰਦੇ ਹਾਂ। ਭਗਤੀ ਮਾਰਗ ਵਿੱਚ ਵੀ ਜੁਗਤੀ ਦੱਸੀ ਗਈ ਹੈ ਕਿ ਕਿਸ ਤਰ੍ਹਾਂ ਬੈਠ ਕੇ ਸਿਮਰਨ ਕਰਨਾ ਹੈ, ਅਤੇ ਸਿਮਰਨ ਕਰਨ ਤੋਂ ਬਾਅਦ ਤੁਹਾਨੂੰ ਕਿਵੇਂ ਦਰਸ਼ਨ ਹੋਣਗੇ? ਉਂਝ ਤੁਸੀਂ ਉਪਦੇਸ਼ ਲੈ ਕੇ ਡਰਾਈਵਿੰਗ ਲਾਇਸੈਂਸ ਨਹੀਂ ਲੈ ਲਿਆ ਕਿ ਪੁਲੀਸ ਲਾਇਸੈਂਸ ਦੇਖ ਕੇ ਚਲਾਨ ਨਹੀਂ ਕਟੇਗੀ। ਉਪਦੇਸ਼ ਲੈ ਕੇ ਉਸ ਉੱਪਰ ਅਮਲ ਕਰਾਂਗੇ ਫੇਰ ਬਖਸ਼ਿਸ਼ ਹੋਵੇਗੀ।

**ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥**

ਫੇਰ ਉਹ ਮੁੰਡਾ ਜਾਂ ਕਾਰੀਗਰ ਦੂਸਰਿਆਂ ਨੂੰ ਸਹਿਯੋਗ ਦੇ ਕੇ, ਸਿਖਾ ਕੇ ਉਹਨਾਂ ਦਾ ਵੀ ਕਾਰਜ ਠੀਕ ਕਰਦਾ ਹੈ। ਹਜ਼ੂਰ ਨੇ ਸਾਨੂੰ ਸਿੱਖਿਆ ਦਿੱਤੀ, ਅਸੀਂ ਉਸ ਸਿੱਖਿਆ ਨੂੰ ਇਸਤੇਮਾਲ ਕਰਕੇ ਅਗਾਂਹ ਸੰਗਤ ਨੂੰ ਸਿੱਖਿਆ ਦਿੱਤੀ। ਵਾਸਤਵ ਵਿੱਚ ਅਸੀਂ ਆਪਣੇ ਸੰਤਾਂ ਦੇ ਮੈਸੇਜ ਨੂੰ ਕਨਵੇਅ ਕੀਤਾ। ਅਸੀਂ ਪਹਿਲਾਂ ਬੱਚੇ ਸੀ, ਫੇਰ ਵੱਡੇ ਹੋਏ, ਫੇਰ ਸਿਖਿਆਰਥੀ ਅਤੇ ਫੇਰ ਸਿੱਖਿਆ ਦੇਣ ਵਾਲੇ ਟੀਚਰ ਅਤੇ ਪ੍ਰੋਫੈਸਰ ਬਣ ਕੇ ਜੋ ਨਹੀਂ ਜਾਣਦੇ ਸਨ ਉਹਨਾਂ ਨੂੰ ਵੀ ਜਣਾ ਦਿੱਤਾ।

*ਬਦਹੁ ਕੀ ਨ ਹੋਡ ਮਾਧਉ ਮੋ ਸਿਉ॥*
*ਠਾਕੁਰ ਤੇ ਜਨੁ ਜਨ ਤੇ ਠਾਕੁਰੁ*
*ਖੇਲੁ ਪਰਿਓ ਹੈ ਤੋ ਸਿਉ॥ ੧॥ (ਅੰਗ 1252)*

ਭਾਈ ਲਹਿਣਾ ਜੀ ਜਨ ਬਣ ਕੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੰਗਤ ਵਿੱਚ ਗਏ ਅਤੇ ਠਾਕੁਰ ਬਣ ਗਏ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਜਨ ਬਣ ਕੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਦੀ ਸੰਗਤ ਵਿੱਚ ਗਏ ਅਤੇ ਠਾਕੁਰ ਬਣ ਗਏ। ਸੋਈ ਇੰਝ ਜੋਤ ਤੋਂ ਜੋਤ ਅਗਾਂਹ ਜਗਦੀ ਹੈ ਅਤੇ ਜੀਵ ਦੇ ਕਾਰਜ ਰਾਸ ਹੁੰਦੇ ਹਨ।

**ਆਵਤ ਜਾਤ ਨਾਕ ਸਰ ਹੋਈ॥ ੧॥ ਰਹਾਉ॥**

ਕੋਈ ਵੀ ਦੇਹ ਇੱਥੇ ਪੱਕੀ ਰਹਿੰਦੀ ਨਹੀਂ ਹੈ। ਦੇਹਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ ਲੇਕਿਨ ਸ਼ਬਦ ਸਦਾ ਕਾਇਮ ਹੈ ਉਹ ਤਾਂ

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਅੰਗ 1)*

ਜਿੱਥੇ ਸ਼ਬਦ ਨੇ ਆ ਜਾਣਾ ਹੈ ਉੱਥੇ ਕਿਸੇ ਚੀਜ਼ ਦੀ ਕਮੀ ਨਹੀਂ ਰਹਿ ਜਾਣੀ।

**ਤੁਰੀ ਨਾਰਿ ਕੀ ਛੋਡੀ ਬਾਤਾ॥**

ਜਦੋਂ ਤੁਸੀਂ ਆਪਣੀ ਘਰਵਾਲੀ ਦੀਆਂ ਗੱਲਾਂ, ਗਲ ਵਿੱਚ ਕੈਂਠਾ, ਹੇਠਾਂ ਘੋੜੀ ਹੋਵੇ, ਠਾਠਾ ਬਾਠਾ ਹੋਵੇ ਆਦਿ ਗੱਲਾਂ ਵੱਲ ਤੁਰ ਪਵੋਗੇ ਫੇਰ ਤੁਸੀਂ ਭਗਤੀ ਨਹੀਂ ਕਰ ਸਕਦੇ। ਐਸਾ ਨਹੀਂ ਕਿ ਘਰਵਾਲੀ ਨੂੰ ਕਿਸੇ ਗੱਲੋਂ ਕਮੀ ਰਹਿਣ ਦੇਣੀ ਹੈ ਜਾਂ ਉਸ ਦੀ ਕੋਈ ਲੋੜ ਪੂਰੀ ਨਹੀਂ ਕਰਨੀ ਬਲਕਿ ਸਭ ਕੁਝ ਕਰਨਾ ਹੈ। ਪਰ ਭਗਤੀ ਮਾਰਗ ਵਿੱਚ ਸਿਮਰਨ ਵੀ ਕਰਨਾ ਹੈ ਅਤੇ ਮਾਲਿਕ ਨੇ ਸਾਨੂੰ ਜੋ ਦੁਨਿਆਵੀ ਸੁਖ ਜਾਂ ਦਾਤਾਂ ਬਖਸ਼ੀਆਂ ਹਨ ਉਹਨਾਂ ਦਾ ਸ਼ੁਕਰਾਨਾ ਵੀ ਜਰੂਰ ਕਰਨਾ ਹੈ।

**ਰਾਮ ਨਾਮ ਵਾ ਕਾ ਮਨੁ ਰਾਤਾ॥**

ਫੇਰ ਉਸ ਜੀਵ ਦਾ ਮਨ ਰਾਮ ਨਾਮ ਨਾਲ ਜੁੜਦਾ ਹੈ ਕਿਉਂਕਿ

*ਭੁਖੇ ਭਜਨ ਨ ਹੋਇ ਗੁਪਾਲਾ।*
*ਆਹ ਫੜ ਕੰਠੀ ਆਹ ਫੜ ਮਾਲਾ।*

ਤਥਾ

*ਭੂਖੇ ਭਗਤਿ ਨ ਕੀਜੈ॥*
*ਯਹ ਮਾਲਾ ਅਪਨੀ ਲੀਜੈ॥ (ਅੰਗ 656)*

ਜੋ ਜੀਵ ਸੱਚ ਬੋਲਦੇ ਹਨ ਜਾਂ ਕੋਈ ਓਹਲਾ ਨਹੀਂ ਰੱਖਦੇ ਉਹਨਾਂ ਦਾ ਮਨ ਰਾਮ ਨਾਲ ਜੁੜਦਾ ਹੈ।

*ਖੋਲੇ ਕਪਟ ਨ ਰਾਖੇ ਪਰਦਾ।*
*ਗੁਰੂ ਅਗੇ ਆਖੇ ਰਖ ਰਖ ਸ਼ਰਧਾ।*

ਜੋ ਜੀਵ ਸੱਚ ਬੋਲਦੇ ਹਨ ਉਹ ਰਾਮ ਦੇ ਰੰਗ ਵਿੱਚ ਰੰਗੇ ਜਾਂਦੇ ਹਨ। ਫੇਰ

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥ ੧॥*
*(ਅੰਗ 808)*

ਉਹ ਰੰਗ ਕਦੇ ਮੈਲਾ ਵੀ ਨਹੀਂ ਹੁੰਦਾ।

# ਸਤਿਸੰਗ ਸੰਗ੍ਾਂਦ ਮਹੀਨਾ ਸਾਵਣ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ**

**(ਅੰਗ 1108)**

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥**

ਸਾਵਣ ਜਾ ਮਹੀਨਾ 16-07-2019 ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਖੁਸ਼ੀਆਂ ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਕੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਉਸੇ ਤਰ੍ਹਾਂ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਭੇਦ ਬਖਸ਼ ਰਹੇ ਹਨ ਕਿ ਐ ਮਨਾ! ਸਾਵਣ ਦੇ ਮਹੀਨੇ ਵਿੱਚ ਉਸ ਧੁਰ ਕੀ ਬਾਣੀ, ਅੱਲਾਹ, ਗਾਡ, ਰਾਮ ਦੀ ਬਖਸ਼ਿਸ਼ ਸਦਕਾ ਬੱਦਲ ਹੋਏ ਹੁੰਦੇ ਹਨ। ਬੱਦਲਾਂ ਦੇ ਆਉਣ ਨਾਲ ਮੋਰ ਪੈਲਾਂ ਪਾ ਪਾ ਕੇ ਨੱਚਦਾ ਹੈ। ਇਸ ਤਰ੍ਹਾਂ ਜੀਵ ਨੂੰ ਵੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਮਾਲਿਕ ਦੀ ਕਿਰਪਾ ਨਾਲ ਬੱਦਲ ਹੋ ਕੇ ਮੀਂਹ ਪੈਣਾ ਸ਼ੁਰੂ ਹੋ ਗਿਆ ਹੈ।

**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥**

ਜਿਸ ਲੜਕੀ ਦਾ ਪਤੀ ਪਰਦੇਸ ਵਿੱਚ ਗਿਆ ਹੁੰਦਾ ਹੈ ਉਸ ਨੂੰ ਇਹ ਬਾਰਿਸ਼ਾਂ ਅਤੇ ਬੱਦਲ ਅੱਛੇ ਨਹੀਂ ਲੱਗਦੇ। ਇਸੇ ਤਰ੍ਹਾਂ ਜਿਹੜੇ ਗੁਰਸਿੱਖ ਗੁਰਬਾਣੀ ਵੱਲ ਨਹੀਂ ਤੁਰਦੇ ਉਹਨਾਂ ਵਾਸਤੇ ਸਾਵਣ ਦੇ ਮਹੀਨੇ ਵਿੱਚ ਵੀ ਖੁਸ਼ਕੀ ਹੁੰਦੀ ਹੈ। ਕਈਆਂ ਦਾ ਮਨ ਬਹੁਤ ਰੁੱਖਾ ਸੁੱਖਾ ਹੁੰਦਾ ਹੈ।

ਕਈ ਜੀਵ ਸਾਨੂੰ ਆ ਕੇ ਦੱਸਦੇ ਵੀ ਹਨ ਕਿ ਸਾਡਾ ਮਨ ਰੁੱਖਾ ਸੁੱਖਾ ਹੈ ਸਾਨੂੰ ਵੀ ਉਪਦੇਸ਼ ਦਿਓ। ਅਸੀਂ ਉਹਨਾਂ ਨੂੰ ਮੂਲ ਮੰਤ੍ਰ ਦਾ ਜਾਪ ਕਰਨ ਲਈ ਕਹਿੰਦੇ ਹਾਂ ਅਤੇ ਕਹਿੰਦੇ ਹਾਂ ਕਿ ਜਦੋਂ ਟਾਈਮ ਆਇਆ ਉਪਦੇਸ਼ ਵੀ ਮਿਲ ਜਾਵੇਗਾ। ਉਹਨਾਂ ਨੂੰ ਕਿਹਾ ਜਾਂਦਾ ਹੈ ਕਿ ਗੁਰਬਾਣੀ ਵਿੱਚ ਦਰਜ ਹੈ ਕਿ

*ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ*

*ਕਹੁ ਨਾਨਕ ਪੂਰਾ ਪਾਇਆ॥ ੫॥ (ਅੰਗ 1040)*

ਜਿਹੜੇ ਜੀਵ ਮੂਲ ਮੰਤ੍ਰ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਅੰਗ 1)*

ਦਾ ਜਾਪ ਕਰਦੇ ਹਨ ਉਹਨਾਂ ਦੇ ਮਸਤਕ ਉੱਪਰ ਸੁੱਤੇ ਪਿਆ ਪੂਰਨ ਤਾਕਤ ਦੀ ਬਖਸ਼ਿਸ਼ ਹੋ ਜਾਂਦੀ ਹੈ ਅਤੇ ਜਗਦਿਆਂ ਵੀ ਹੁੰਦੀ ਹੈ।

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਜਦੋਂ ਵੀ ਕਿਤੇ ਜਾਂਦੇ ਸਨ ਤਾਂ ਭਾਈ ਬੇਲਾ ਜੀ ਉਹਨਾਂ ਦੇ ਘੋੜੇ ਦੀ ਵਾਗ ਫੜ ਕੇ ਪੁੱਛਿਆ ਕਰਦੇ ਸਨ ਕਿ ਅੱਜ ਮੈਂ ਤੁਹਾਡੇ ਮਗਰੋਂ ਕਿਹੜਾ ਜਾਪ ਕਰਾਂ? ਮੈਨੂੰ ਅੱਜ ਵਾਸਤੇ ਸ਼ਬਦ ਦੱਸ ਦਿਓ। ਇੱਕ ਦਿਨ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਯੁੱਧ ਵਾਸਤੇ ਜਾ ਰਹੇ ਸਨ ਤਾਂ ਉਸ ਨੇ ਵਾਗ ਫੜ ਕੇ ਬੇਨਤੀ ਕੀਤੀ ਤਾਂ ਹਜ਼ੂਰ ਕਹਿਣ ਲੱਗੇ

*ਜਾਹ ਭਾਈ ਬੇਲਾ ਨਾ ਵਕਤ ਦੇਖਿਆ ਨਾ ਵੇਲਾ।*

ਇਹ ਸ਼ਬਦ ਕਿਸੇ ਵੀ ਗ੍ਰੰਥ ਵਿੱਚ ਦਰਜ ਨਹੀਂ ਹੈ। ਪਰ ਉਸਨੇ ਇਸੇ ਨੂੰ ਗੁਰੂ ਦਾ ਉਪਦੇਸ਼ ਸਮਝ ਕੇ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਨੂੰ ਅੰਦਰ ਗੁਰਬਾਣੀ ਸੁਣਾਈ ਦੇਣ ਲੱਗ ਪਈ। ਅੰਦਰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਦਰਸ਼ਨ ਹੋਣ ਲੱਗ ਪਏ ਕਿ ਕਿੰਝ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਯੁੱਧ ਕਰ ਰਹੇ ਹਨ। ਜਿਸ ਤਰ੍ਹਾਂ ਧ੍ਰਿਤਰਾਸ਼ਟਰ ਅੰਨਾ ਸੀ ਅਤੇ ਕਹਿਣ ਲੱਗਾ ਕਿ ਜਦੋਂ ਮੇਰੇ ਬੱਚੇ ਯੁੱਧ ਕਰਨਗੇ ਮੈਂ ਕਿਵੇਂ ਦੇਖਾਂਗਾ? ਤਾਂ ਸੰਜੇ ਨੂੰ ਸਾਰਾ ਯੁੱਧ ਅੰਦਰ ਦਿਖਾਈ ਦਿੰਦਾ ਸੀ ਉਹ ਨਾਲ ਦੀ ਨਾਲ ਦੱਸੀ ਜਾਂਦਾ ਸੀ।

ਜਿਸ ਤਰ੍ਹਾਂ ਮਮਾਰਾਂ ਨੇ ਕਿਹਾ ਕਿ ਸੱਚੇ ਪਾਤਿਸ਼ਾਹੋ! ਤੁਸੀਂ ਸ੍ਰੀ ਹਰਿਮੰਦਿਰ ਸਾਹਿਬ ਦਾ ਜੋ ਨਕਸ਼ਾ ਦੱਸ ਰਹੇ ਹੋ ਸਾਡੀ ਸਮਝ ਵਿੱਚ ਨਹੀਂ ਆ ਰਿਹਾ। ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਕਿਹਾ ਕਿ ਜਦੋਂ ਤੱਕ ਸ੍ਰੀ ਹਰਿਮੰਦਿਰ ਸਾਹਿਬ ਬਣਦਾ ਰਹੇਗਾ ਤੁਹਾਨੂੰ ਅੰਦਰ ਉਸ ਦੇ ਦਰਸ਼ਨ ਹੁੰਦੇ ਰਹਿਣਗੇ। ਅਖੀਰ ਤੇ ਜਾ ਕੇ ਮਿਸਤਰੀ ਬਹੁਤ ਸੁਸਤ ਹੋ ਗਏ ਕਿ ਅਗਰ ਸ੍ਰੀ ਹਰਿਮੰਦਰ

ਸਾਹਿਬ ਦੀ ਉਸਾਰੀ ਪੂਰੀ ਹੋ ਗਈ ਤਾਂ ਸਾਨੂੰ ਫੇਰ ਦਰਸ਼ਨ ਨਹੀਂ ਹੋਣੇ। ਹਜ਼ੂਰ ਪੁੱਛਣ ਲੱਗੇ ਕਿ ਤੁਸੀਂ ਕੰਮ ਕਿਉਂ ਨਹੀਂ ਮੁਕਾ ਰਹੇ ਤਾਂ ਮਿਸਤਰੀਆਂ ਦੇ ਦੱਸਣ ਤੇ ਹਜ਼ੂਰ ਨੇ ਬਚਨ ਛੱਡੇ ਕਿ ਤੁਸੀਂ ਕੰਮ ਪੂਰਾ ਕਰੋ ਤੁਹਾਨੂੰ ਅੰਦਰ ਦਰਸ਼ਨ ਹੁੰਦੇ ਰਹਿਣਗੇ।

ਪਰ ਉਹਨਾਂ ਗੁਰਮੁੱਖਾਂ ਦੀ ਰੀਸ ਨਹੀਂ ਕਰਨੀ ਚਾਹੀਦੀ। ਪਤਾ ਨਹੀਂ ਉਹਨਾਂ ਦੀ ਕਿੰਨੀ ਕੁ ਭਗਤੀ, ਭਾਵ ਜਾਂ ਭਰੋਸਾ ਸੀ ਪਰ ਅਸੀਂ ਤਾਂ

*ਮਾਣ ਵਡਿਆਈ ਕਾਰਨੇ ਭਗਤਿ ਕਰੇ ਸੰਸਾਰੁ।*

*ਜੇ ਕੋ ਦੇਖੇ ਹੀਣਤਾ ਤਾ ਔਗੁਣ ਧਰੇ ਗਵਾਰ।*

ਆਪਾਂ ਤਾਂ ਮਾਣ ਵਡਿਆਈ ਖਾਤਰ ਪਾਠ ਕਰਦੇ ਹਾਂ ਤਾਂ ਕਿ ਲੋਕ ਕਹਿਣ ਕਿ ਇਹ ਬਹੁਤ ਪਾਠ ਕਰਦਾ ਹੈ।

ਸੋਈ ਹਜ਼ੂਰ ਫੁਰਮਾਉਂਦੇ ਹਨ ਕਿ ਸਾਵਣ ਦੇ ਮਹੀਨੇ ਵਿੱਚ ਬਾਰਿਸ਼ ਹੋ ਰਹੀ ਹੁੰਦੀ ਹੈ ਅਤੇ ਸਾਨੂੰ ਖ਼ੁਸ਼ੀ ਮਨਾਉਣੀ ਚਾਹੀਦੀ ਹੈ। ਪਰ ਜਿਸ ਇਸਤਰੀ ਦਾ ਪਤੀ ਘਰ ਨਾ ਹੋਵੇ ਉਸ ਨੂੰ ਸਾਵਣ ਦਾ ਮਹੀਨਾ ਅੱਛਾ ਨਹੀਂ ਲੱਗਦਾ।

**ਪਿਰੁ ਘਰਿ ਨਹੀ ਆਵੈ ਮਰੀਐ ਹਾਵੈ**

**ਦਾਮਨਿ ਚਮਕਿ ਡਰਾਏ॥**

ਜਿਸ ਇਸਤਰੀ ਦਾ ਪਤੀ ਘਰ ਨਹੀਂ ਹੁੰਦਾ ਉਹ ਦਰਵਾਜ਼ੇ ਉੱਪਰ ਕੁੱਤੇ ਦੇ ਪੌਂਚਾ ਮਾਰਨ ਤੇ ਵੀ ਡਰ ਜਾਂਦੀ ਹੈ ਕਿ ਬਾਹਰ ਕੋਈ ਗਲਤ ਬੰਦਾ ਨਾ ਆਇਆ ਹੋਵੇ। ਬਿਜਲੀ ਕੜਕਣ ਨਾਲ ਖਿੜਕੀਆਂ ਦਰਵਾਜੇ ਖੜਕਦੇ ਹਨ ਤਦ ਉਹ ਲੜਕੀ ਡਰਦੀ ਹੈ। ਅਗਰ ਉਸ ਦਾ ਪਤੀ ਕੋਲ ਹੁੰਦਾ ਹੈ ਚਾਹੇ ਉਹ ਯੋਧਾ ਹੈ ਜਾਂ ਨਹੀਂ ਫੇਰ ਉਹ ਨਹੀਂ ਡਰਦੀ ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਮੇਰਾ ਰਾਖਾ ਮੇਰੇ ਕੋਲ ਹੈ। ਹੁਣ ਕੋਈ ਬਾਹਰੋਂ ਆ ਕੇ ਮੇਰੀ ਇੱਜਤ ਨੂੰ ਦਾਗ ਨਹੀਂ ਲਾ ਸਕਦਾ। ਵਿਆਹ ਸਮੇਂ ਜੋ ਚਾਰ ਲਾਵਾਂ ਲਈਆਂ ਜਾਂਦੀਆਂ ਹਨ ਉਦੋਂ ਪਤੀ ਵਲੋਂ ਪ੍ਰਣ ਕੀਤਾ ਜਾਂਦਾ ਹੈ ਕਿ ਮੈਂ ਆਪਣੀ ਪਤਨੀ ਦੀ ਇੱਜਤ ਮਾਣ ਦੀ ਸਾਰੀ ਜਿੰਦਗੀ ਦੀ ਜਿੰਮੇਵਾਰੀ ਚੁੱਕਦਾ ਹਾਂ।

ਪਰ ਸਾਨੂੰ ਅਫ਼ਸੋਸ ਹੈ ਕਿ ਆਮ ਜੀਵ ਦੇ ਸਾਹਮਣੇ ਗੱਲ ਕਰਕੇ ਕੋਈ ਵੀ ਮੁਕਰਨ ਤੋਂ ਡਰਦਾ ਹੈ ਪਰ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਫੇਰੇ ਲੈ ਕੇ ਜੀਵ ਗੁਰੂ ਦਾ ਡਰ ਨਹੀਂ ਰੱਖਦਾ ਕਿ ਅਸੀਂ ਲੜਦੇ ਝਗੜਦੇ ਜਾਂ ਛੱਡ ਛੁਡਾਵਾ ਕਿਉਂ ਕਰਦੇ ਹਾਂ।

**ਸੇਜ ਇਕੇਲੀ ਖਰੀ ਦੁਹੇਲੀ**

**ਮਰਣੁ ਭਇਆ ਦੁਖੁ ਮਾਏ॥**

ਹਰ ਜੀਵ ਦੇ ਮੂੰਹੋ ਮੁਸੀਬਤ ਸਮੇਂ ਹਾਏ ਮਾਂ ਹੀ ਨਿਕਲਦਾ ਹੈ ਪਰ ਲੜਕੀਆਂ ਬਾਪ ਨਾਲ ਜਿਆਦਾ ਪਿਆਰ ਕਰਦੀਆਂ ਹਨ। ਸਾਡੀ ਸਭ ਤੋਂ ਛੋਟੀ ਲੜਕੀ ਜੋ ਕਿ ਡਾਕਟਰ ਹੈ, ਉਸ ਦੀ ਵੱਡੀ ਲੜਕੀ ਦੇ ਗਲੇ ਦੇ ਚਾਰ ਚੁਫ਼ੇਰੇ ਨਾੜਵਾ (ਰਾਡ) ਸੀ। ਇਸ ਕਰਕੇ ਸਿਜੇਰੀਅਨ ਕੇਸ ਹੋਇਆ। ਡਾਕਟਰਾਂ ਨੇ ਕਿਹਾ ਕਿ This is the miracle ਕਿ ਇਹ ਲੜਕੀ ਐਨੇ ਔਖੇ ਸਮੇਂ ਵਿੱਚ ਹਾਏ ਮਾਂ ਜਾਂ ਹਾਏ ਮੰਮੀ ਨਾ ਕਹਿ ਕੇ ਪਾਪਾ, ਪਾਪਾ, ਡੈਡੀ, ਡੈਡੀ, ਡੈਡੀ ਕਰਦੀ ਰਹੀ ਕਿ ਪਾਪਾ ਮੇਰੇ ਕੋਲ ਆ ਜਾਵੋ। ਇਸ ਨੇ ਜਣੇਪੇ ਸਮੇਂ ਆਪਣੇ ਬਾਪ ਨੂੰ ਅਵਾਜਾਂ ਮਾਰੀਆਂ, ਆਪਣੀ ਮਾਂ ਨੂੰ ਨਹੀਂ ਮਾਰੀਆਂ। ਗੁਰਬਾਣੀ ਵਿੱਚ ਦਰਜ ਹੈ ਕਿ

*ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ॥*

*ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥*

*(ਅੰਗ 596)*

ਲੜਕੀਆਂ ਬਾਪ ਨਾਲ ਬਹੁਤ ਪਿਆਰ ਕਰਦੀਆਂ ਹਨ ਅਤੇ ਸ਼ਰਮ ਮਹਿਸੂਸ ਕਰਦੀਆਂ ਹਨ ਕਿ ਮੈਂ ਇਸ ਘਰ ਵਿੱਚ ਪ੍ਰਾਹੁਣੀ ਹਾਂ। ਪਰ ਲੜਕੇ ਸੋਚਦੇ ਹਨ ਕਿ ਮੈਂ ਇੱਥੋਂ ਦਾ ਵਾਰਿਸ ਹਾਂ। ਦੋ ਕਿਸਮ ਦੇ ਨਾਤੇ ਹੁੰਦੇ ਹਨ ਇੱਕ ਦਰਗਾਹੀ ਨਾਤਾ ਹੈ ਜੋ ਅਸੀਂ ਇੱਕ ਮਾਂ ਦੇ ਪੇਟ ਵਿਚੋਂ ਜਨਮ ਲੈਂਦੇ ਹਾਂ। ਇੱਕ ਦੁਨਿਆਵੀ ਨਾਤੇ ਹਨ ਜੋ ਕਿ ਕਿਸੇ ਦੀ ਲੜਕੀ ਵਿਆਹ ਕੇ ਸਾਡੇ ਘਰ ਆ ਗਈ ਅਤੇ ਸਾਡੀ ਲੜਕੀ ਵਿਆਹ ਕੇ ਕਿਸੇ ਦੇ ਘਰ ਚਲੀ ਗਈ।

**ਹਰਿ ਬਿਨੁ ਨੀਦ ਭੂਖ ਕਹੁ ਕੈਸੀ**

**ਕਾਪੜੁ ਤਨਿ ਨ ਸੁਖਾਵਏ॥**

ਜੀਵ ਨੂੰ ਭਗਤੀ ਕਰਨ ਤੋਂ ਬਿਨਾਂ ਨੀਂਦ ਕਿਵੇਂ ਆ ਜਾਂਦੀ ਹੈ ਕਿਉਂਕਿ

*ਲੱਗੀ ਵਾਲੇ ਤਾਂ ਕਦੇ ਨਹੀਂ ਸੌਂਦੇ।*

*ਤੇਰੀ ਕਿਵੇਂ ਅੱਖ ਲੱਗ ਗਈ।*

ਜਿਸ ਜੀਵ ਨੂੰ ਗੁਰਬਾਣੀ ਨਾਲ ਪਿਆਰ ਹੁੰਦਾ ਹੈ ਉਸ ਨੂੰ ਨੀਂਦ ਨਹੀਂ ਆਉਣੀ। ਲੋਕ ਉਸ ਨੂੰ ਝੱਲਾ ਅਤੇ ਪਾਗਲ ਕਹਿੰਦੇ ਹਨ। ਉਸ ਨੂੰ ਕੋਈ ਕੱਪੜਾ ਦੇਵੇ ਤਦ ਵੀ ਉਹ ਪਾਉਣ ਲਈ ਤਿਆਰ ਨਹੀਂ ਹੁੰਦਾ ਕਿ ਮੈਂ ਕਿਸ ਨੂੰ ਪਾ ਕੇ ਵਿਖਾਉਣੇ ਹਨ। ਜਿਸ ਤਰ੍ਹਾਂ ਲੜਕੀ ਕਹਿੰਦੀ ਹੈ ਕਿ ਮੇਰਾ ਪਤੀ ਤਾਂ ਇੱਥੇ ਨਹੀਂ ਹੈ ਮੈਂ ਕਿਸ ਲਈ ਸੋਹਣੇ ਕੱਪੜੇ ਪਹਿਨਾਂ। ਜਿਸ ਤਰ੍ਹਾਂ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਲਹੌਰ ਤੋਂ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੂੰ ਚਿੱਠੀਆਂ ਲਿਖ ਲਿਖ ਕੇ ਤਰਲੇ ਪਾਏ ਸਨ ਕਿ

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*

*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*

*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*

*ਬਿਨੁ ਦੇਖੇ ਗੁਰ ਦਰਬਾਰੇ ਜੀਉ॥ ੩॥*

*ਹਉ ਘੋਲੀ ਜੀਉ ਘੋਲਿ ਘੁਮਾਈ*

*ਤਿਸੁ ਸਚੇ ਗੁਰ ਦਰਬਾਰੇ ਜੀਉ॥ ੧॥ (ਅੰਗ 96)*

ਹਜ਼ੂਰ! ਮੈਨੂੰ ਤੁਹਾਡੇ ਦਰਸ਼ਨਾਂ ਤੋਂ ਬਗੈਰ ਚੈਨ ਵੀ ਨਹੀਂ ਆ ਰਿਹਾ ਅਤੇ ਨੀਂਦ ਵੀ ਨਹੀਂ ਆ ਰਹੀ।

**ਨਾਨਕ ਸਾ ਸੋਹਾਗਣਿ ਕੰਤੀ**

**ਪਿਰ ਕੈ ਅੰਕਿ ਸਮਾਵਏ॥੯॥**

ਅਸਲ ਵਿੱਚ ਉਹੋ ਇਸਤਰੀ ਸੁਹਾਗਣ ਹੈ ਜੋ ਆਪਣੇ ਪਤੀ ਨੂੰ, ਪਿਆਰੇ ਨੂੰ ਪਿਆਰ ਕਰਦੀ ਹੈ। ਉਹ ਸੱਚੀ ਸੁਹਾਗਣ ਹੈ ਨਾ ਕਿ ਵਿਆਹ ਹੋਣ ਤੋਂ ਬਾਅਦ ਸੁਹਾਗਣ ਬਣਦੀ ਹੈ।

ਸਾਡੇ ਕੋਲ ਜਦੋਂ ਵੀ ਕੋਈ ਵਿਆਹੀ ਹੋਈ ਲੜਕੀ ਆਉਂਦੀ ਹੈ ਅਸੀਂ ਉਸ ਵਾਸਤੇ ਹਮੇਸ਼ਾਂ ਇਹੋ ਬੇਨਤੀ ਕਰਦੇ ਹਾਂ ਜਾਂ ਸਮਝ ਲਵੋ ਕਿ ਇਹੋ ਅਸੀਸ ਦਿੰਦੇ ਹਾਂ ਕਿ ਤੂੰ ਸਦਾ ਸੁਹਾਗਣ ਰਹੇਂ। ਅਸੀਂ ਕਦੇ ਵੀ ਅਸੀਸ ਨਹੀਂ ਦਿੱਤੀ ਕਿ ਤੈਨੂੰ ਬਹੁਤੀਆਂ ਕੋਠੀਆਂ ਮਿਲ ਜਾਣ ਜਾਂ ਵਧੀਆ ਨੌਕਰੀ ਜਾਂ ਹੀਰੇ ਜੁਆਰਾਤ ਜਾਂ ਡਾਇਮੰਡ ਮਿਲ ਜਾਣ। ਉਸ ਵਾਸਤੇ ਅਸੀਂ ਇੱਕੋ ਬੇਨਤੀ ਕਰਦੇ ਹਾਂ ਕਿ ਸੱਚੇ ਪਾਤਿਸ਼ਾਹੋ! ਇਹ ਸਦਾ ਸੁਹਾਗਣ ਰਹੇ ਇਸ ਦੇ ਸਿਰ ਉੱਪਰ ਇਸ ਦਾ ਪਤੀ ਹਮੇਸ਼ਾ ਕਾਇਮ ਰਹੇ ਕਿਉਂਕਿ ਲੜਕੀ ਦਾ ਹਾਰ, ਸ਼ਿੰਗਾਰ ਅਤੇ ਸਤਿਕਾਰ ਪਤੀ ਨਾਲ ਹੀ ਹੁੰਦਾ ਹੈ। ਉਸ ਨੂੰ ਬਾਅਦ ਵਿੱਚ ਚਾਹੇ ਨੂੰਹ ਪੁੱਤ ਕਿੰਨਾ ਵੀ ਸਤਿਕਾਰ ਦੇਣ ਪਰ ਉਸਦੇ ਪਤੀ ਦੇ ਹੁੰਦਿਆਂ ਪਤੀ ਚਾਹੇ ਮੰਜੇ ਉੱਪਰ ਹੀ ਪਿਆ ਹੋਵੇ ਉਹ ਮਾਣ ਨਾਲ ਕਹਿੰਦੀ ਹੈ ਕਿ ਮੈਂ ਤੁਹਾਡੇ ਭਾਪੇ ਨੂੰ ਦੱਸਦੀ ਹਾਂ, ਮੈਂ ਤੁਹਾਡੇ ਡੈਡੀ ਨੂੰ ਦੱਸਦੀ ਹਾਂ ਮੈਂ ਉਸ ਕੋਲੋਂ ਤੁਹਾਡੀਆਂ ਲੱਤਾਂ ਭੰਨਵਾਉਂਦੀ ਹਾਂ ਚਾਹੇ ਉਸ ਕੋਲੋਂ ਉੱਠਿਆ ਵੀ ਨਾ ਜਾਵੇ। ਪਰ ਉਸ ਨੂੰ ਐਨਾ ਮਾਣ ਹੁੰਦਾ ਹੈ ਕਿ ਮੇਰਾ ਪਤੀ ਮੇਰੇ ਹੱਕ ਵਿੱਚ ਹੀ ਰਹੇਗਾ।

ਹਜ਼ੂਰ ਫੁਰਮਾਉਂਦੇ ਹਨ ਕਿ ਸੁਹਾਗਣ ਉਹੋ ਹੀ ਹੈ ਜੋ ਆਪਣੇ ਪਤੀ ਦੇ ਪਾਸ ਰਹਿੰਦੀ ਹੈ ਅਤੇ ਉਸ ਤੋਂ ਵੱਡਾ ਦੁਨੀਆਂ ਵਿੱਚ ਹੋਰ ਕੋਈ ਭਾਗਾਂ ਵਾਲਾ ਨਹੀਂ ਹੈ।

ਹਜ਼ੂਰ ਕਿਰਪਾ ਕਰਨ। ਸਾਵਣ ਦੇ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਕੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਉਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 134)**

**ਸਾਵਣਿ ਸਰਸੀ ਕਾਮਣੀ**

**ਚਰਨ ਕਮਲ ਸਿਉ ਪਿਆਰੁ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਭੇਦ ਬਖਸ਼ ਰਹੇ ਹਨ ਕਿ ਸਾਵਣ ਦੇ ਮਹੀਨੇ ਵਿਚ ਲੜਕੀ ਚਾਹੇ ਕਾਮ ਵੱਸ ਆ ਕੇ ਹੀ ਪਿਆਰ ਕਰਦੀ ਹੈ ਪਰ ਆਪਣੇ ਪਤੀ ਦੇ ਪਿਆਰ ਵਿੱਚ ਭਿੱਜੀ ਪਈ ਹੁੰਦੀ ਹੈ, ਗੜੁੱਚ ਹੋਈ ਹੁੰਦੀ ਹੈ। ਇਸੇ ਤਰ੍ਹਾਂ ਅਗਰ ਪਤੀ ਪਤਨੀ ਵਿਆਹ ਤੋਂ ਬਾਅਦ ਦੋਵੇਂ ਬਾਰਿਸ਼ ਵਿੱਚ ਭਿੱਜ ਰਹੇ ਹੋਣ, ਹੱਸ ਖੇਡ ਰਹੇ ਹੋਣ ਤਾਂ ਉਸ ਸਮੇਂ ਦਾ ਅਨੰਦ ਵੱਖਰਾ ਹੀ ਹੁੰਦਾ ਹੈ। ਜਿਹੜੇ ਗੁਰਸਿੱਖ ਗੁਰੂ ਦੇ ਪਿਆਰ ਵਿੱਚ ਭਿੱਜੇ ਹੁੰਦੇ ਹਨ ਉਹਨਾਂ ਦਾ ਵੀ ਵੱਖਰਾ ਹੀ ਰੂਪ ਹੁੰਦਾ ਹੈ। ਜਦੋਂ ਗੁਰਸਿੱਖ ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲਣ ਵਾਸਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜਾਂਦੇ ਸਨ ਤਾਂ ਦਰਿਆ-ਏ-ਬਿਆਸ ਵਿਚੋਂ ਦੀ ਤੈਰ ਕੇ ਲੰਘਦੇ ਸਨ। ਇਸ ਤਰ੍ਹਾਂ ਸੱਚੀਆਂ ਸੁਰਤਾਂ ਉੱਪਰ ਮੀਂਹ ਹਨੇਰੀ ਕੋਈ ਅਸਰ ਨਹੀਂ ਕਰਦੇ। ਪਿਆਰ ਵੀ ਕੱਚਾ ਅਤੇ ਪੱਕਾ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਗ੍ਰਿਹਸਤੀ ਜੀਵਨ ਭੋਗਣ ਲਈ, ਪੈਸੇ ਧੇਲੇ ਲਈ ਜਾਂ ਵਧੀਆ ਨੌਕਰੀਆਂ ਦੀ ਪ੍ਰਾਪਤੀ ਲਈ ਕਰਦੇ ਹਨ। ਐਸੇ ਕੱਚੇ ਪਿਆਰ ਟੁੱਟ ਜਾਂਦੇ ਹਨ। ਕੰਮ ਹੋਣ ਤੋਂ ਬਾਅਦ ਜੀਵ ਪਿਆਰ ਕਰਨਾ ਛੱਡ ਦਿੰਦੇ ਹਨ ਜਾਂ ਖਿੱਝ ਕੇ ਇੱਕ ਦੂਸਰੇ ਤੋਂ ਦੂਰ ਹੋ ਜਾਂਦੇ ਹਨ। ਪਰ ਇੱਕ ਪੱਕਾ ਅਰਥਾਤ ਸੱਚਾ ਪਿਆਰ ਹੁੰਦਾ ਹੈ। ਉਹ ਕਦੇ ਵੀ, ਕਿਸੇ ਹਾਲਤ ਵਿੱਚ ਵੀ ਇੱਕ ਦੂਜੇ ਨੂੰ ਛੱਡਦੇ ਨਹੀਂ ਹਨ।

**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥**

ਹਜ਼ੂਰ ਫੁਰਮਾਉਂਦੇ ਹਨ ਕਿ ਸੱਚੇ ਪਿਆਰ ਵਾਲੇ ਦਰਿਆ ਪਾਰ ਕਰਨ ਸਮੇਂ ਇਹ ਨਹੀਂ ਸੋਚਦੇ ਕਿ ਕੱਚੇ ਘੜੇ ਤੇ ਕਰਨਾ ਜਾਂ ਪੱਕੇ ਤੇ ਕਰਨਾ ਹੈ। ਉਹਨਾਂ ਦਾ ਨਿਸ਼ਾਨਾ ਆਪਣੇ ਪਿਆਰੇ ਨੂੰ ਮਿਲਣ ਦਾ ਹੁੰਦਾ ਹੈ। ਇਸੇ ਤਰ੍ਹਾਂ ਗੁਰਸਿੱਖ ਵੀ ਆਪਣੇ ਸਤਿਗੁਰ ਨੂੰ ਮਿਲਣ ਵਾਸਤੇ ਹੀਲੇ ਕਰਦਾ ਹੈ, ਹਰ ਯਤਨ ਕਰਦਾ ਹੈ।

ਅਸੀਂ ਬਹੁਤ ਵਾਰ ਦੱਸਿਆ ਹੈ ਕਿ ਅਸੀਂ ਤੁਗਲਵਾਲੇ ਤੋਂ ਦੌੜ ਕੇ ਸ੍ਰੀ ਦਰਬਾਰ ਸਾਹਿਬ ਜਾਇਆ ਕਰਦੇ ਸੀ। ਇੱਕ ਪੈਸੇ ਦੀ ਵੀ ਕਮੀ ਹੁੰਦੀ ਸੀ ਅਤੇ ਇੱਕ ਵੱਡਿਆਂ ਨੇ ਦੱਸਿਆ ਸੀ ਕਿ ਗੁਰੂ ਵੱਲ ਤੁਰ ਕੇ ਜਾਣਾ ਚਾਹੀਦਾ ਹੈ। ਇਸ ਕਰਕੇ ਦਿਲ ਵਿੱਚ ਰੀਝ ਹੁੰਦੀ ਸੀ ਕਿ ਤੁਰ ਕੇ ਜਾਈਏ। ਕਿਉਂਕਿ

*ਚਰਨ ਸਰਨਿ ਗੁਰੂ ਏਕ ਪੈਂਡਾ ਜਾਇ ਚਲ*
*ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।*

*(ਕਬਿਤ ਭਾਈ ਗੁਰਦਾਸ ਜੀ)*

ਅਸੀਂ ਪੈਦਲ ਚੱਲ ਕੇ ਜਿੰਨੇ ਕਦਮ ਸਤਿਗੁਰ ਵੱਲ ਜਾਂਦੇ ਹਾਂ ਸਾਨੂੰ ਓਨੇ ਅਸਮੇਧ ਜਗ ਦਾ ਫਲ ਮਿਲਦਾ ਹੈ। ਹਜ਼ੂਰ ਹੀ ਕਿਰਪਾ ਕਰਕੇ ਸਾਡਾ ਗੁਰਬਾਣੀ ਨਾਲ ਪਿਆਰ ਜੋੜ ਦੇਣ ਤਾਂ ਕਿ ਸਾਡੇ ਮਨ ਦੀ ਡਾਵਾਂਡੋਲੀ ਖਤਮ ਹੋ ਸਕੇ।

**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥**

ਗੁਰਬਾਣੀ ਦੇ ਪਿਆਰਿਆਂ ਨੂੰ ਬਾਕੀ ਸਾਰੇ ਰੰਗ ਫਿੱਕੇ ਲੱਗਦੇ ਹਨ। ਉਹਨਾਂ ਨੂੰ ਸਿਰਫ਼ ਵਾਹਿਗੁਰੂ ਦੀਆਂ ਗੱਲਾਂ, ਸਤਿਨਾਮ ਦੀਆਂ ਗੱਲਾਂ, ਰਾਮ ਨਾਮ ਦੀਆਂ ਗੱਲਾਂ ਪਿਆਰੀਆਂ ਲੱਗਦੀਆਂ ਹਨ।

**ਹਰਿ ਅੰਮ੍ਰਿਤ ਬੂੰਦ ਸੁਹਾਵਣੀ**
**ਮਿਲਿ ਸਾਧੂ ਪੀਵਣਹਾਰੁ॥**

ਜਦੋਂ ਬਾਰਿਸ਼ ਪੈਂਦੀ ਹੈ ਉਸ ਦੇ ਵਿੱਚ ਸਵਾਂਤ ਬੂੰਦ ਪੈਂਦੀ ਹੈ। ਜਦੋਂ ਉਹ ਇੱਕ ਐਸੀ ਮੱਛੀ ਦੇ ਮੂੰਹ ਵਿੱਚ ਪੈਂਦੀ ਹੈ ਤਾਂ ਮੋਤੀ ਬਣ ਜਾਂਦੀ ਹੈ ਬਹੁਤ ਕੀਮਤੀ ਮੋਤੀ ਬਣਦੀ ਹੈ। ਇੱਕ ਐਸਾ ਨਾਗ ਹੈ ਜਿਸ ਉੱਪਰ ਉੱਡਣਾ ਸੱਪ ਵੀ ਚੱਲਦਾ ਹੈ ਅਗਰ ਉਸ ਦੇ ਮੂੰਹ ਵਿੱਚ ਪੈ ਜਾਂਦੀ ਹੈ ਤਾਂ ਅਰਬਾਂ ਰੁਪਈਆਂ ਦੀ ਮਣੀ ਬਣ ਜਾਂਦੀ ਹੈ। ਇੱਕ ਬੂੰਦ ਚਿੱਕੜ ਵਿੱਚ ਡਿੱਗ ਕੇ ਚਿੱਕੜ ਬਣ ਜਾਂਦੀ ਹੈ। ਪਾਣੀ ਦੇ ਵਿੱਚ ਇੱਕ ਮੱਛੀ ਵਰਗਾ ਹੀ ਜੀਵ ਹੈ ਅਗਰ ਉਹ ਬੂੰਦ ਉਸ ਦੇ ਮੂੰਹ ਵਿੱਚ ਪੈਂਦੀ ਹੈ ਤਾਂ ਲਾਲ ਬਣ ਜਾਂਦੀ ਹੈ। ਹੁਣ ਬੂੰਦ ਇੱਕ ਹੈ ਅਕਾਸ਼ ਤੋਂ ਹੀ ਆ ਰਹੀ ਹੈ ਪਰ ਜਿਸ ਤਰ੍ਹਾਂ ਦੇ ਥਾਂ ਤੇ ਪੈਂਦੀ ਹੈ ਉਸੇ ਤਰ੍ਹਾਂ ਦਾ ਰੂਪ ਧਾਰਨ ਕਰ ਲੈਂਦੀ ਹੈ। ਘਿਓ ਚਾਹੇ ਸੋਨੇ ਦੇ ਬਰਤਨ ਵਿੱਚ ਹੋਵੇ ਜਾਂ ਚਾਂਦੀ, ਤਾਂਬੇ, ਪਿੱਤਲ ਜਾਂ ਮਿੱਟੀ ਦੇ ਬਰਤਨ ਵਿੱਚ ਹੋਵੇ ਉਹ ਘਿਓ ਹੀ ਰਹਿੰਦਾ ਹੈ। ਇਸ ਤਰ੍ਹਾਂ ਨਾਮ ਜਪਣ ਵਾਲਾ ਜੀਵ ਚਾਹੇ ਕਿਸੇ ਵੀ ਜਾਤ ਬਰਾਦਰੀ ਵਿੱਚੋਂ ਹੋਵੇ ਕੋਈ ਅੰਤਰ ਨਹੀਂ ਹੈ। ਲੇਕਿਨ ਭਗਤੀ ਮਾਰਗ ਵਿੱਚ ਸੱਚੀ ਲਗਨ ਅਤੇ ਸੱਚੀ ਪ੍ਰੀਤ ਹੋਣੀ ਚਾਹੀਦੀ ਹੈ।

**ਵਣੁ ਤਿਣੁ ਪ੍ਰਭ ਸੰਗਿ ਮਉਲਿਆ**
**ਸੰਮ੍ਰਥ ਪੁਰਖ ਅਪਾਰੁ॥**

ਹਜ਼ੂਰ ਫੁਰਮਾਉਂਦੇ ਹਨ ਕਿ ਸਾਵਣ ਦੇ ਮਹੀਨੇ ਵਿੱਚ ਜੰਗਲ ਵੀ ਹਰੇ ਭਰੇ ਹੋਏ ਹੁੰਦੇ ਹਨ। ਉਹ ਵੀ ਤਰ ਹੋਏ ਹੁੰਦੇ ਹਨ। ਦਰੱਖਤ, ਬੂਟੇ ਵੀ ਇਸ ਮਹੀਨੇ ਵਿੱਚ ਮਾਲਿਕ ਦਾ ਧੰਨਵਾਦ ਕਰਦੇ ਹਨ ਕਿ ਸੱਚੇ ਪਾਤਿਸ਼ਾਹੋ! ਸਾਡੇ ਉੱਪਰ ਖੁਸ਼ਕੀ ਵਰਤੀ ਸੀ, ਪਤਝੜ ਆਇਆ ਸੀ ਪਰ ਹੁਣ ਤੁਸੀਂ ਬਾਰਿਸ਼ ਪਾਈ ਹੈ ਅਤੇ ਅਸੀਂ ਟਹਿਕ ਪਏ ਹਾਂ।

**ਹਰਿ ਮਿਲਣੈ ਨੋ ਮਨੁ ਲੋਚਦਾ**
**ਕਰਮਿ ਮਿਲਾਵਣਹਾਰੁ॥**

ਜੋ ਗੁਰੂ ਪਿਆਰੇ ਹਨ ਜੋ ਸਤਿਸੰਗ ਸੁਣਦੇ ਹਨ ਉਹਨਾਂ ਦਾ ਹਰ ਇੱਕ ਦਾ ਦਿਲ ਕਰਦਾ ਹੈ ਕਿ ਸਾਨੂੰ ਮਾਲਿਕ ਦੇ ਦਰਸ਼ਨ ਹੋਣ। ਮਾਲਿਕ ਮੈਨੂੰ ਦਰਸ਼ਨ ਦੇ ਕੇ ਗਲ ਨਾਲ ਲਾਉਣ। ਉਹ ਬੇਨਤੀਆਂ ਕਰਦਾ ਹੈ ਕਿ

*ਹਉ ਤੁਮਰੀ ਕਰਉ ਨਿਤ ਆਸ*
*ਪ੍ਰਭ ਮੋਹਿ ਕਬ ਗਲਿ ਲਾਵਹਿਗੇ॥ ੧॥ (ਅੰਗ 1321)*

ਲੇਕਿਨ ਉਸਦੇ ਕਰਮ ਸਾਥ ਨਹੀਂ ਦਿੰਦੇ।

ਸੰਗਤ ਵਿਚੋਂ ਕਈ ਜੀਵ ਬੇਨਤੀ ਕਰਦੇ ਹਨ ਕਿ ਮੈਨੂੰ ਕਦੇ ਦਰਸ਼ਨ ਨਹੀਂ ਹੋਏ ਉਸ ਦਾ ਕੀ ਕਾਰਨ ਹੈ? ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਚਾਹੇ ਤੁਸੀਂ ਇੱਥੇ ਵਿਦੇਸ਼ਾਂ ਵਿੱਚ ਰਹਿ ਰਹੇ ਹੋ ਤੁਸੀਂ ਸਾਰੇ ਪੇਂਡੂ ਸਮਾਜ ਵਿਚੋਂ ਹੀ ਆਏ ਹੋ। ਤੁਸੀਂ ਪਿੰਡਾਂ ਵਿੱਚ ਬਾਰਿਸ਼ ਦਾ ਪਾਣੀ, ਟਿਊਬਵੈੱਲ ਦਾ ਪਾਣੀ ਦੇਖਿਆ ਹੋਵੇਗਾ ਕਿ ਉਹ ਹਮੇਸ਼ਾਂ ਨੀਵੇਂ ਥਾਂ ਵੱਲ ਨੂੰ ਵਹਿੰਦਾ ਹੈ। ਪਾਣੀ ਨੀਵੀਂ ਜਗ੍ਹਾ ਵੱਲ ਆਪਣੇ ਆਪ ਰੁੜ ਕੇ ਚਲਾ ਜਾਂਦਾ ਹੈ। ਉਸ ਨੂੰ ਨੀਵੀਂ ਜਗ੍ਹਾ ਵੱਲ ਲਿਜਾਉਣ ਵਾਸਤੇ ਟੁੱਲੂ ਪੰਪ ਲਾਉਣ ਦੀ ਲੋੜ ਨਹੀਂ ਪੈਂਦੀ। ਸ਼ਹਿਰਾਂ ਵਿੱਚ ਵਾਟਰ ਟੈਂਕ ਬਣੇ ਹੁੰਦੇ ਹਨ। ਉਹਨਾਂ ਵਿੱਚ ਪਾਣੀ ਪੰਪ ਨਾਲ ਚੜ੍ਹਾਇਆ

ਜਾਂਦਾ ਹੈ ਜੋ ਅਗਾਂਹ ਘਰਾਂ ਵਿੱਚ ਸਪਲਾਈ ਕੀਤਾ ਜਾਂਦਾ ਹੈ। ਪਰ ਸਪਲਾਈ ਨੀਂਵੇਂ ਥਾਂ ਵੱਲ ਨੂੰ ਹੁੰਦੀ ਹੈ। ਉਸ ਵਾਸਤੇ ਪੰਪ ਲਾਉਣ ਦੀ ਲੋੜ ਨਹੀਂ ਪੈਂਦੀ। ਇਸ ਤਰ੍ਹਾਂ ਜੋ ਜੀਵ ਚਾਹੁੰਦਾ ਹੈ ਕਿ ਮੈਨੂੰ ਰੱਬ ਦਰਸ਼ਨ ਦੇਵੇ, ਵਾਹਿਗੁਰੂ ਦਰਸ਼ਨ ਦੇਣ, ਸਾਧੂ ਸੰਤ ਦਰਸ਼ਨ ਦੇਣ ਤਾਂ ਉਹ ਨਿਮਰਤਾ ਵਿੱਚ ਐਨੇ ਜਿਆਦਾ ਆ ਜਾਣ ਜਿਸ ਤਰ੍ਹਾਂ ਹਜ਼ੂਰ ਕਬੀਰ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣੇ ਆਪ ਬਾਰੇ ਜਿਕਰ ਕੀਤਾ ਹੈ ਕਿ

*ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥*
*ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥ ੧੪੬॥*
*(ਅੰਗ 1372)*

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਐ ਮਨਾ! ਤੂੰ ਰੋੜਾ ਬਣ ਜਾਹ ਅਤੇ ਠੋਕਰਾਂ ਖਾ ਫੇਰ ਤੈਨੂੰ ਭਗਵਾਨ ਮਿਲਣਗੇ। ਫੇਰ ਅੱਗੇ ਫੁਰਮਾਉਂਦੇ ਹਨ ਕਿ

*ਕਬੀਰ ਰੋੜਾ ਹੂਆ ਤ ਕਿਆ ਭਇਆ*
*ਪੰਥੀ ਕਉ ਦੁਖੁ ਦੇਇ॥*
*ਐਸਾ ਤੇਰਾ ਦਾਸੁ ਹੈ*
*ਜਿਉ ਧਰਨੀ ਮਹਿ ਖੇਹ॥ ੧੪੭॥*

ਅਗਰ ਤੂੰ ਰੋੜਾ ਬਣ ਗਿਆ ਤਾਂ ਲੋਕਾਂ ਦੇ ਪੈਰਾਂ ਵਿੱਚ ਚੁਭੇਂਗਾ। ਇਸ ਕਰਕੇ ਰੋੜਾ ਬਣਨਾ ਠੀਕ ਨਹੀਂ ਹੈ ਤੂੰ ਧਰਤੀ ਦੀ ਬਰੀਕ ਮਿੱਟੀ ਬਣ ਜਾਹ ਤਾਂ ਕਿ ਤੂੰ ਕਿਸੇ ਦੇ ਪੈਰਾਂ ਵਿੱਚ ਨਾ ਚੁਭੇਂ। ਅੱਗੇ ਫੁਰਮਾਉਂਦੇ ਹਨ ਕਿ

*ਕਬੀਰ ਖੇਹ ਹੂਈ ਤਉ ਕਿਆ ਭਇਆ*
*ਜਉ ਉਡਿ ਲਾਗੈ ਅੰਗ॥*
*ਹਰਿ ਜਨੁ ਐਸਾ ਚਾਹੀਐ*
*ਜਿਉ ਪਾਨੀ ਸਰਬੰਗ॥ ੧੪੮॥*

ਅਗਰ ਤੂੰ ਖੇਹ ਬਣ ਗਿਆ ਤਾਂ ਲੋਕਾਂ ਦੇ ਉੱਪਰ ਉੱਡ ਕੇ ਪਏਂਗਾ, ਬੀਬੀਆਂ ਦਾ ਮੇਕਅੱਪ ਅਤੇ ਬਾਕੀਆਂ ਦੇ ਵੀ ਵਸਤਰ ਖਰਾਬ ਕਰ ਦੇਵੇਂਗਾ। ਇਸ ਕਰਕੇ ਤੂੰ ਪਾਣੀ ਬਣ ਜਾਹ। ਹਜ਼ੂਰ ਫੁਰਮਾਉਂਦੇ ਹਨ ਕਿ

*ਕਬੀਰ ਪਾਨੀ ਹੂਆ ਤ ਕਿਆ ਭਇਆ*
*ਸੀਰਾ ਤਾਤਾ ਹੋਇ॥*
*ਹਰਿ ਜਨੁ ਐਸਾ ਚਾਹੀਐ*
*ਜੈਸਾ ਹਰਿ ਹੀ ਹੋਇ॥ ੧੪੯॥ (ਅੰਗ 1372)*

ਪਾਣੀ ਵੀ ਕਦੇ ਸੀਰਾ (ਠੰਢਾ) ਅਤੇ ਕਦੇ ਗਰਮ ਹੋ ਜਾਵੇਂਗਾ। ਇਸ ਕਰਕੇ ਹਰੀ ਵਰਗੇ ਹੀ ਬਣ ਜਾਵੋ। ਜਿਹੜੇ ਤੱਤਿਆਂ ਨੂੰ ਠੰਢਾ ਅਤੇ ਠੰਢਿਆਂ ਨੂੰ ਗਰਮ ਕਰਦੇ ਹਨ ਅਗਰ ਉਹ ਐਸਾ ਨਾ ਕਰਨ ਤਦ ਅਸੀਂ ਨਹਾ ਵੀ ਨਹੀਂ ਸਕਦੇ। ਰੋਟੀ-ਪਾਣੀ ਗਰਮ ਜਾਂ ਠੰਢਾ ਕਰਕੇ ਨਹੀਂ ਖਾ ਸਕਦੇ। ਸੋਈ ਜੀਵ ਨੂੰ ਉਸ ਹਰੀ ਦੀ ਮੌਜ ਵਿੱਚ ਰਹਿਣਾ ਚਾਹੀਦਾ ਹੈ। ਜਿਸ ਜੀਵ ਨੂੰ ਅਜੇ ਤੱਕ ਦਰਸ਼ਨ ਨਹੀਂ ਹੋਏ ਉਹ ਸਮਝ ਲਵੇ ਕਿ ਉਸ ਵਿੱਚ ਅਜੇ ਨਿਮਰਤਾ ਦੀ ਕਮੀ ਹੈ।

*ਫਲ ਨੀਵਿਆਂ ਰੁੱਖਾਂ ਨੂੰ ਲੱਗਦੇ*
*ਸਿੰਬਲਾ ਤੂੰ ਮਾਣ ਨਾ ਕਰੀਂ।*

ਬਟਾਲੇ ਸ਼ਹਿਰ ਵਿੱਚ ਬਹੁਤ ਸਾਰੇ ਸਿੰਮਲ ਦੇ ਰੁੱਖ ਹਨ ਜਿਹਨਾਂ ਬਾਰੇ ਗੁਰਬਾਣੀ ਵਿੱਚ ਦਰਜ ਹੈ ਕਿ

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥*
*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*
*(ਅੰਗ 470)*

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉੱਥੇ ਵਿਆਹੁਣ ਗਏ ਸਨ ਅਤੇ ਉਥੇ ਰੁੱਖ ਦੀ ਮਹੱਤਤਾ ਦੱਸੀ। ਉੱਥੇ ਸਿੰਮਲ ਰੋਡ ਵੀ ਹੈ ਜਿੱਥੇ ਸਿੰਮਲ ਮੁਹੱਲਾ ਹੈ। ਸਿੰਮਲ ਰੁੱਖ ਬਹੁਤ ਉੱਚਾ ਅਤੇ ਸੋਹਣਾ ਹੁੰਦਾ ਹੈ। ਉਸ ਦੇ ਪੱਤਿਆਂ ਨੂੰ ਅਤੇ ਫੁੱਲਾਂ ਨੂੰ ਹੱਥ ਲੱਗ ਜਾਵੇ ਤਾਂ ਹੱਥਾਂ ਵਿੱਚੋਂ ਗੰਦੀ ਸਮੈਲ (ਬਦਬੂ) ਆਉਣ ਲੱਗ ਪੈਂਦੀ ਹੈ। ਉਸ ਦੇ ਫਲ ਫਿੱਕੇ ਅਤੇ ਫੁੱਲ ਬਕਬਕੇ ਹੁੰਦੇ ਹਨ। ਉਸ ਦੇ ਫੁੱਲ ਗੁਲਾਬ ਦੇ ਫੁੱਲਾਂ ਨਾਲੋਂ ਵੀ ਸੋਹਣੇ ਹੁੰਦੇ ਹਨ ਪਰ ਹੱਥ ਲੱਗਣ ਤੇ ਮੁਸ਼ਕ ਆਉਣ ਲੱਗ ਪੈਂਦੀ ਹੈ। ਫੇਰ ਉਸ ਦੇ ਸੋਹਣੇ ਹੋਣ ਦਾ ਕੀ ਫਾਇਦਾ? ਜਿਸ ਸੁੱਹਪਣ ਵਿਚੋਂ ਬਦਬੂ ਈਰਖਾ, ਮਾਣ, ਨਫਰਤ ਆਉਂਦੀ ਹੈ। ਬਟਾਲੇ ਵਿਖੇ ਦੋ ਪਾਤਿਸ਼ਾਹੀਆਂ ਵਿਆਹੁਣ ਵਾਸਤੇ ਗਈਆਂ ਸਨ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਥੇ ਵਿਆਹੁਣ ਲਈ ਗਏ ਉੱਥੇ ਅੱਜ ਕੱਲ ਗੁਰਦੁਆਰਾ ਸ੍ਰੀ ਕੰਧ ਸਾਹਿਬ ਸੁਸ਼ੋਭਿਤ ਹੈ। ਜਿੱਥੇ ਹਜ਼ੂਰ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਮਹਾਰਾਜ ਵਿਆਹੁਣ ਵਾਸਤੇ ਗਏ ਸਨ ਉੱਥੇ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਸੁਸ਼ੋਭਿਤ ਹੈ। ਪਰ ਬਹੁਤੇ ਸਿੱਖਾਂ ਨੂੰ ਪਤਾ ਹੀ ਨਹੀਂ ਹੈ।

**Monthly GURBANI UPMA Regd. No. RN 42490/87**
**S. G. L. JAN SEWA KENDAR, GARHA, JALANDHAR-144 022.**
**Phones : 0181-5054199, 98760-04507**

ਸੋਈ ਤੁਸੀਂ ਜਿੰਨੀ ਜਿਆਦਾ ਨਿਮਰਤਾ ਰੱਖੋਗੇ ਓਨੀ ਜਿਆਦਾ ਮਿਠਾਸ ਆਵੇਗੀ, ਬਖਸ਼ਿਸ ਹੋਵੇਗੀ ਕਿਉਂਕਿ ਹੜ੍ਹ ਦਾ ਪਾਣੀ ਹਮੇਸ਼ਾਂ ਨੀਵੀਂ ਜਗ੍ਹਾ ਵੱਲ ਨੂੰ ਰੁੜ੍ਹਦਾ ਹੈ।

**ਜਿਨੀ ਸਖੀਏ ਪ੍ਰਭੁ ਪਾਇਆ**
**ਹੰਉ ਤਿਨ ਕੈ ਸਦ ਬਲਿਹਾਰ॥**

ਜਿਹੜੇ ਗੁਰਸਿੱਖਾਂ ਨੇ ਉਸ ਮਾਲਿਕ ਦੇ ਦਰਸ਼ਨ ਕਰ ਲਏ ਹਨ ਉਹਨਾਂ ਤੋਂ ਬਲਿਹਾਰ ਜਾਵੋ। ਉਹਨਾਂ ਨਾਲ ਈਰਖਾ ਨਾ ਕਰੋ। ਉਹਨਾਂ ਨਾਲ ਜਿੱਦ ਨਾ ਕਰਕੇ ਉਹਨਾਂ ਨੂੰ ਪੁੱਛੋ ਕਿ ਤੈਨੂੰ ਮਾਲਿਕ ਦੀ ਬਖਸ਼ਿਸ਼ ਕਿਵੇਂ ਪ੍ਰਾਪਤ ਹੋਈ? ਉਸ ਤੋਂ ਆਪਣਾ ਆਪ ਵਾਰ ਕੇ ਉਸ ਨੂੰ ਜੁਗਤੀਆਂ ਪੁੱਛੋ

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥*

*(ਅੰਗ 765-66)*

ਜਿਸ ਕੋਲ ਗੁਣ ਹਨ ਉਸ ਨਾਲ ਸਾਂਝ ਪਾ ਲਵੋ।

**ਨਾਨਕ ਹਰਿ ਜੀ ਮਇਆ ਕਰਿ**
**ਸਬਦਿ ਸਵਾਰਣਹਾਰੁ॥**

ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਮਇਆ ਅਰਥਾਤ ਮਿਹਰ ਕਰੋ ਅਤੇ ਸ਼ਬਦ ਦੀ ਬਖਸ਼ਿਸ਼ ਕਰੋ ਤਾਂ ਕਿ ਮੇਰਾ ਜੀਵਨ ਸੁਆਰਿਆ ਜਾਵੇ। ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਨੁਹਾ ਧੁਆ ਕੇ, ਸੋਹਣੇ ਕੱਪੜੇ ਪਾ ਕੇ, ਸਿਰ ਵਾਹ ਕੇ ਬਾਹਰ ਭੇਜਦੀ ਹੈ ਤਦ ਸਾਰੇ ਕਹਿੰਦੇ ਹਨ ਕਿ ਇਹ ਕਿਸੇ ਸੁਚੱਜੀ ਮਾਂ ਦਾ ਬੱਚਾ ਹੈ। ਇਸ ਤਰ੍ਹਾਂ ਹਜ਼ੂਰ ਤੁਸੀਂ ਮੇਰੇ ਮਾਂ ਅਤੇ ਬਾਪ ਬਣ ਕੇ ਜੀਵਨ ਸੁਆਰ ਦਿਓ ਤਾਂਕਿ ਲੋਕ ਕਹਿਣ ਕਿ ਇਹ ਪੂਰੇ ਗੁਰੂ ਦਾ ਬੱਚਾ ਸੀ ਇਸ ਕਰਕੇ ਇਸ ਉੱਪਰ ਬਖਸ਼ਿਸ਼ ਹੋਈ ਹੈ।

**ਸਾਵਣੁ ਤਿਨਾ ਸੁਹਾਗਣੀ**
**ਜਿਨ ਰਾਮ ਨਾਮੁ ਉਰਿ ਹਾਰੁ॥੬॥**

ਚਾਹੇ ਲੜਕੀ ਦਾ ਪਤੀ ਕੋਲ ਵੀ ਹੋਵੇ ਉਹ ਲੜਕੀ ਉਦੋਂ ਤੱਕ ਸੁਹਾਗਣ ਨਹੀਂ ਜਦੋਂ ਤੱਕ ਉਹ ਪਤੀ ਨੂੰ ਪਿਆਰ ਨਹੀਂ ਕਰਦੀ। ਇਸ ਤਰ੍ਹਾਂ ਗੁਰਸਿੱਖ ਜਿੰਨੇ ਮਰਜੀ ਲਿਬਾਸ ਪਾ ਲਵੇ ਅਗਰ ਉਸ ਕੋਲ ਨਾਮ ਦੀ ਬਖਸ਼ਿਸ਼ ਨਹੀਂ ਹੈ ਤਾਂ ਉਸ ਦਾ ਉਹ ਪਹਿਰਾਵਾ ਕਿਸੇ ਕੰਮ ਨਹੀਂ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਸੀ ਕਿ

*ਰਹਿਤ ਬਿਨਾ ਨ ਸਿਖ ਕਹਾਵੈ।*
*ਰਹਿਤ ਬਿਨਾ ਨਰ ਚੋਟਾ ਖਾਵੈ।*

ਤਥਾ

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹੀ।*

ਸੋਈ ਸਾਨੂੰ ਗੁਰਬਾਣੀ ਵਿੱਚ ਦੱਸੀ ਹੋਈ ਰਹਿਤ ਵਿੱਚ ਰਹਿਣਾ ਚਾਹੀਦਾ ਹੈ ਤਾਂ ਹੀ ਬਖਸ਼ਿਸ਼ ਹੋਵੇਗੀ।

ਹਜ਼ੂਰ ਬਖਸ਼ਿਸ਼ ਕਰਨ ਸਾਵਣ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਵਿਦੇਸ਼ਾਂ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-5054199, 98760-04507
www.sglchhosp.org

***ਐਡੀਟਰ** : ਮਹਿੰਦਰ ਸਿੰਘ ਪਰਵਾਨਾ* **ਜਿਲਦ**-31 **ਅੰਕ** 5 **ਜੁਲਾਈ** : 2019 **ਕੀਮਤ** : 8 **ਰੁਪੈ**